BEST DEAL TRAVEL INC.
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422
SPECIAL FARE TO INDIA
LICENSE # BCCP 79578

Space Available for your Ad
ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Ottawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 31, Issue No. 24 Ending Date: Jun 14, 2024

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

CEYONE LIMO'S
BOOK YOUR RIDE TODAY!
www.ceyonelimos.com
1-253-802-6787
WEDDING SCHOOL PROMS BIRTHDAY CITY TOURS AIRPORT SERVICE
1-253-802-6787
NOW FIXED RATES FOR AIRPORT

# ਪੰਜਾਬ ਵਿੱਚ ਸਭ ਤੋਂ ਵੱਧ ਫਰਕ ਨਾਲ ਜਿੱਤੇ ਭਾਈ ਅੰਮ੍ਰਿਤਪਾਲ ਸਿੰਘ

ਖਡੂਰ ਸਾਹਿਬ:-ਡਿਬਰੂਗੜ੍ਹ ਜੇਲ੍ਹ ਤੋਂ ਅਜ਼ਾਦ ਚੋਣ ਲੜਨ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਪੰਜਾਬ ਵਿੱਚ ਸਭ ਤੋਂ ਵੱਡੀ ਲੀਡ ਨਾਲ ਜੇਤੂ ਰਹੇ ਹਨ।ਉਹ ਇਹ ਚੋਣ 1 ਲੱਖ 97 ਹਜ਼ਾਰ 120 ਵੋਟਾਂ ਦੇ ਵੱਡੇ ਫ਼ਰਕ ਨਾਲ ਜਿੱਤੇ ਹਨ।ਜਲੰਧਰ ਤੋਂ ਕਾਂਗਰਸ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ 1,75,993 ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤੀ ਹੈ।ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ 1 ਲੱਖ 72 ਹਜ਼ਾਰ 560 ਵੋਟਾਂ ਦੇ ਫ਼ਰਕ ਨਾਲ ਜਿੱਤੇ ਹਨ।

ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅਤੇ ਖਾਲਿਸਤਾਨ ਹਮਾਇਤੀ ਅੰਮ੍ਰਿਤਪਾਲ ਸਿੰਘ ਪੰਜਾਬ ਡਿਬਰੂਗੜ੍ਹ ਜੇਲ੍ਹ ਵਿੱਚੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੇ ਹਨ।ਉਨ੍ਹਾਂ ਨੂੰ ਪੰਜਾਬ ਵਿੱਚ ਸਭ ਤੋਂ ਵੱਡੀ ਲੀਡ ਮਿਲੀ ਹੈ।ਉਨ੍ਹਾਂ ਨੇ ਕਾਂਗਰਸ ਦੇ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੂੰ 1 ਲੱਖ 97 ਹਜ਼ਾਰ 120 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ।ਅੰਮ੍ਰਿਤਪਾਲ ਸਿੰਘ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਹਨ, ਉਹ ਸਿੱਖਾਂ ਲਈ ਖੁਦਮੁਖਤਿਆਰ ਰਾਜ (ਖਾਲਿਸਤਾਨ) ਦੀ ਪ੍ਰਾਪਤੀ ਨੂੰ ਆਪਣਾ ਨਿਸ਼ਾਨਾ ਦੱਸਦੇ ਹਨ।ਕਈ ਸਾਲ ਦੁਬਈ ਰਹਿਣ ਤੋਂ ਬਾਅਦ ਸਾਲ 2022 'ਚ ਅਗਸਤ ਮਹੀਨੇ ਪੰਜਾਬ ਵਿੱਚ ਵਾਪਸ ਆਏ ਅਤੇ ਉਨ੍ਹਾਂ ਨੇ ਅੰਮ੍ਰਿਤ ਸੰਚਾਰ ਅਤੇ ਨਸ਼ਾ ਛੁਡਾਊ ਲਹਿਰ ਦੇ ਨਾਂ ਉੱਤੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾ ਸ਼ੁਰੂ ਕੀਤਾ।ਅੰਮ੍ਰਿਤਪਾਲ ਸਿੰਘ ਨੂੰ ਮਰਹੂਮ ਸੰਦੀਪ ਸਿੰਘ ਉਰਫ਼ ਦੀਪ ਸਿੱਧੂ ਵਲੋਂ ਬਣਾਈ ਗਈ 'ਵਾਰਸ ਪੰਜਾਬ ਦੇ' ਜਥੇਬੰਦੀ ਦਾ ਨਵਾਂ



ਮੁਖੀ ਬਣਾਇਆ ਗਿਆ ਸੀ।ਅੰਮ੍ਰਿਤਪਾਲ ਸਿੰਘ ਦੀ 'ਵਾਰਸ ਪੰਜਾਬ ਦੇ' ਮੁਖੀ ਵਜੋਂ ਦਸਤਾਰਬੰਦੀ ਜਥੇਬੰਦੀ ਦੀ ਪਹਿਲੀ ਵਰ੍ਹੇਗੰਢ ਮੌਕੇ 29 ਸਤੰਬਰ 2022 ਨੂੰ ਕੀਤੀ ਗਈ ਸੀ।ਦਰਅਸਲ ਇਸ ਦਿਨ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਜਨਮ ਦਿਨ ਵੀ ਸੀ।ਅਜਨਾਲਾ ਵਿੱਚ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ 16 ਕੇਸ ਦਰਜ ਕੀਤੇ ਗਏ ਸਨ।ਉਨ੍ਹਾਂ ਉੱਤੇ ਐਨਐੱਸਏ ਵੀ ਲਗਾਇਆ ਗਿਆ।ਅਪ੍ਰੈਲ 2023 ਨੂੰ ਅੰਮ੍ਰਿਤਪਾਲ ਸਿੰਘ ਨੂੰ ਮੋਗਾ ਤੋਂ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ।

# ਨਤੀਜਿਆਂ ਦੀ ਤਸਵੀਰ ਸਾਫ




ਨਵੀਂ ਦਿੱਲੀ:ਚੋਣ ਕਮਿਸ਼ਨ ਵੱਲੋਂ ਜੇਤੂ ਉਮੀਦਵਾਰਾਂ ਦੀ ਬੁੱਧਵਾਰ ਜਾਰੀ ਕੀਤੀ ਫਾਈਨਲ ਰਿਪੋਰਟ ਮੁਤਾਬਕ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਦੇ 291 ਉਮੀਦਵਾਰ ਜਿੱਤੇ ਹਨ। ਇਨ੍ਹਾਂ ਵਿੱਚੋਂ 240 ਭਾਜਪਾ ਦੇ ਹਨ ਤੇ ਉਸ ਨੂੰ 543 ਮੈਂਬਰੀ ਲੋਕ ਸਭਾ ਵਿਚ ਬਹੁਮਤ ਲਈ ਲੋੜੀਂਦੀਆਂ 272 ਸੀਟਾਂ ਤੋਂ 32 ਘੱਟ ਮਿਲੀਆਂ ਹਨ। ਭਾਜਪਾ ਤੋਂ ਇਲਾਵਾ ਐੱਨ ਡੀ ਏ ਵਿਚ ਸ਼ਾਮਲ ਤੇਲਗੂ ਦੇਸਮ ਦੇ 16, ਜਨਤਾ ਦਲ (ਯੂ) ਦੇ 12, ਸ਼ਿਵ ਸੈਨਾ ਸ਼ਿੰਦੇ ਦੇ 7, ਲੋਕ ਜਨ ਸ਼ਕਤੀ ਪਾਰਟੀ (ਰਾਮਵਿਲਾਸ) ਦੇ 5, ਜਨਤਾ ਦਲ ਸੈਕੂਲਰ ਦੇ 2, ਆਰ ਅੱਲ ਡੀ ਦੇ 2, ਏ ਜੀ ਪੀ, ਆਰ ਐੱਸ ਪੀ, ਅਪਨਾ ਦਲ ਸੋਨੇਲਾਲ, ਆਲ ਇੰਡੀਆ ਝਾਰਖੰਡ ਸਟੂਡੈਂਟਸ ਯੂਨੀਅਨ, ਐੱਨ ਸੀ ਪੀ, ਐੱਚ ਏ ਐੱਮ ਤੇ ਐੱਸ ਕੇ ਐੱਮ ਦੇ ਇਕ-ਇਕ ਉਮੀਦਵਾਰ ਜਿੱਤੇ ਹਨ।ਕਾਂਗਰਸ ਨੇ 99 ਸੀਟਾਂ ਜਿੱਤੀਆਂ ਹਨ। 2014 ਵਿੱਚ ਇਸ ਨੇ 44 ਤੇ 2019 ਵਿਚ 52 ਜਿੱਤੀਆਂ ਸਨ। ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ ਵਿਚ ਸ਼ਾਮਲ ਕਾਂਗਰਸ ਦੇ 99 ਉਮੀਦਵਾਰਾਂ ਤੋਂ ਇਲਾਵਾ ਸਮਾਜਵਾਦੀ ਪਾਰਟੀ ਦੇ 37, ਟੀ ਐੱਮ ਸੀ ਦੇ 29, ਡੀ ਐੱਮ ਕੇ ਦੇ 22, ਸ਼ਿਵ ਸੈਨਾ ਊਧਵ ਠਾਕਰੇ ਦੇ 9, ਐੱਨ ਸੀ ਪੀ ਸ਼ਰਦ ਪਵਾਰ ਦੇ 8, ਰਾਜਦ ਦੇ 4, ਸੀ ਪੀ ਆਈ (ਐੱਮ) ਦੇ 4, ਆਈ ਯੂ ਐੱਮ ਐੱਲ ਦੇ 3, ਆਮ ਆਦਮੀ ਪਾਰਟੀ ਦੇ 3, ਜੇ ਐੱਮ ਐੱਮ ਦੇ 3, ਸੀ ਪੀ ਆਈ (ਐੱਮ ਐੱਲ), ਸੀ ਪੀ ਆਈ ਤੇ ਜੇ ਕੇ ਐੱਨ ਸੀ ਦੇ 2-2, ਆਰ ਐੱਲ ਪੀ, ਬੀ ਏ ਪੀ ਤੇ ਵੀ ਸੀ ਕੇ ਦੇ ਇੱਕ-ਇਕ ਜਿੱਤੇ ਹਨ। 19 ਹੋਰ ਜੇਤੂ ਕਿਸੇ ਧੜੇ ਵਿਚ ਨਹੀਂ ਹਨ।

# ਪੰਜਾਬ 'ਚੋਂ ਅਕਾਲੀ ਦਲ ਨੂੰ ਬੀਜੇਪੀ ਨਾਲੋਂ ਵੀ ਘੱਟ ਵੋਟਾਂ

ਲੁਧਿਆਣਾ:ਪੰਜਾਬ ਵਿੱਚ ਲੋਕ ਸਭਾ ਚੋਣਾਂ 'ਚ ਇਸ ਵਾਰ ਕਾਂਗਰਸ ਨੂੰ 7, ਆਮ ਆਦਮੀ ਪਾਰਟੀ ਨੂੰ 3 ਤੋਂ ਅਕਾਲੀ ਦਲ ਨੂੰ ਸਿਰਫ ਇੱਕ ਸੀਟ ਮਿਲੀ ਹੈ।ਪੰਜਾਬ ਦੇ ਵੋਟਰਾਂ ਨੇ ਦ ਸੀਟਾਂ ਉਪਰ ਰਵਾਇਤੀ ਪਾਰਟੀਆਂ ਨਾਕਾਰਦਿਆਂ ਆਜ਼ਾਦ ਉਮੀਦਵਾਰ ਉਪਰ ਭਰੋਸਾ ਜਤਾਇਆ ਹੈ।ਪੰਜਾਬ ਵਿੱਚ ਬੇਸ਼ੱਕ ਬੀਜੇਪੀ ਖਾਤਾ ਵੀ ਨਹੀਂ ਖੋਲ੍ਹ ਸਕੀ ਪਰ ਆਪਣੀ ਵੋਟ ਪ੍ਰਤੀਸ਼ਤਤਾ ਵਧਾਈ ਹੈ।ਇਨ੍ਹਾਂ ਚੋਣਾਂ ਵਿੱਚ ਸਭ ਤੋਂ ਵੱਡਾ ਝਟਕਾ ਸ਼੍ਰੋਮਣੀ ਅਕਾਲੀ ਦਲ ਨੂੰ ਲੱਗਾ। ਹੁਣ ਅਕਾਲੀ ਦਲ ਬੀਜੇਪੀ ਨਾਲ ਵੀ ਛੋਟੀ ਪਾਰਟੀ ਬਣ ਗਿਆ ਹੈ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੋਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
ਜਸਵੀਰ ਗਰੇਵਾਲ
778 317 6262

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਓ
Air Canada Direct YVR to Delhi
604-852-2204

ਪੰਜਾਬ ਗਾਰਡੀਅਨ
Book Your Ad Today
604-590-5200

We Moved To New Location
27441-FRASER HWY. ALDERGROVE, BC
Universal Auto Collision Ltd.
- ICBC Claims
- Private Claims
- Free Courtesy Cars
- Auto Glass Replacement
- Free Estimates
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
BESTWAY Foreign Exchange Ltd.
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ • ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8

READY FOR A FRESH START!
With updated strategies and a fast netwok, we'll re-list and ensure your home gets the attention it deserves.
*RESIDENTIAL *COMMERCIAL *AGRICULTURAL
We are happy to answer all of your questions.
DR. GURVINDER SINGH DHALIWAL 604-825-1550
gurvindersinghprec@gmail.com
WWW.GURVINDERSINGHDHALIWAL.COM

ਪੰਜਾਬ ਗਾਰਡੀਅਨ
Call to Advertise
604-590-5200


FARM AND SPICE
Daily Specials on
Open 7 Days a Week
8.30 am to 9.00 pm
Weekly
Special Flyer
Jun 7 - 13
$24.99 each
Heer Ghee
ਹਰੇ ਪਿਆਜ
Onions
Green
69¢ each
ਐਵਾਕਾਡੋ
Avocado
99¢ each
ਨਿੰਬੂ(ਹਰੇ-ਪੀਲੇ)
Lemon/Lime
2 for 99¢
ਸੇਬ
Apple
Ambrosia/Cosmic Crisp
$1.49 /lb
ਮੇਥੀ
Methi
$1.49 each
ਪਾਲਕ
Spinach
$1.49 each
ਟਮਾਟਰ
Tomatoes
Roma
$1.49 /lb
ਸ਼ਲਗਮ
Turnip
$1.49 /lb
ਖਰਬੂਜਾ
Cantaloupe
$2.99 each
ਹਨੀ ਡਿਊ
Honey Dew
$2.99 each
ਪਚਰੰਗਾ ਅਚਾਰ
Pachranga
Mix Pickle 1kg
$3.99 each
ਪਚਰੰਗਾ ਮੁਰੱਬਾ
Pachranga
Amla Murabba 1kg
$4.99 each
ਟਾਇਗਰ ਖੰਡ
Tiger
Brown Sugar(8lb)
$8.99 each
ਬਾਸਮਤੀ ਚਾਵਲ
Hello Ji
Basmati(8lb)
$9.49 each
ਸੱਚ ਬਾਸਮਤੀ
Such
Basmati(8lb)
$10.99 each
ਅਸ਼ੀਰਵਾਦ ਆਟਾ
Aashirvaad
Atta 20lb
$14.99 each
*while supply last
http://farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਪੰਜਾਬੀਆਂ ਨੇ ਦਲ ਬਦਲੂ ਕੀਤੇ ਰੱਦ

## ਕੀ ਪੰਜਾਬ ਦੇ ਲੋਕ ਸਭਾ ਚੋਣਾਂ ਦੇ ਨਤੀਜੇ ਭਵਿੱਖ ਦੀ ਪੰਜਾਬ ਪੱਖੀ ਰਾਜਨੀਤੀ ਵੱਲ ਲੈ ਕੇ ਜਾਣਗੇ?

ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਸੱਤਾਧਾਰੀ ਆਪ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਬਹੁਜਨ ਸਮਾਜ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਆਦਿ ਪ੍ਰਮੁੱਖ ਸਿਆਸੀ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਸਮੇਤ ਕੁੱਲ 328 ਉਮੀਦਵਾਰ ਚੋਣ ਮੈਦਾਨ ਵਿਚ ਸਨ। ਵਿਸ਼ੇਸ਼ ਗੱਲ ਇਹ ਹੈ ਕਿ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਚੋਣ ਮੁਕਾਬਲਾ ਦੋ-ਧਿਰੀ ਦੀ ਬਜਾਇ ਚਹੁੰ-ਧਿਰੀ ਜਾਂ ਪੰਜ ਧਿਰੀ ਬਣਿਆ ਹੋਇਆ ਸੀ।

ਕਾਂਗਰਸ ਜਿਸ ਨੂੰ ਇਸ ਚੋਣ ਵਿਚ ਸਭ ਤੋਂ ਵੱਧ 7 ਸੀਟਾਂ 'ਤੇ ਜਿੱਤ ਮਿਲੀ, ਵਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 1, 75,993 ਵੋਟਾਂ ਦੇ ਫਰਕ ਨਾਲ ਭਾਜਪਾ ਦੇ ਉਮੀਦਵਾਰ ਸੁਸ਼ੀਲ ਰਿੰਕੂ ਨੂੰ ਹਰਾਇਆ । ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਜਿਨ੍ਹਾਂ ਨੂੰ 3,22,224 ਵੋਟ ਮਿਲੇ ਵਲੋਂ ਲੁਧਿਆਣਾ ਤੋਂ ਸਾਬਕਾ ਸਾਂਸਦ ਰਵਨੀਤ ਸਿੰਘ ਬਿੱਟੂ ਨੂੰ 20,942 ਵੋਟਾਂ ਨਾਲ ਹਰਾਇਆ, ਅੰਮ੍ਰਿਤਸਰ ਤੋਂ ਕਾਂਗਰਸ ਦੇ ਮੌਜੂਦਾ ਸਾਂਸਦ ਗੁਰਜੀਤ ਸਿੰਘ ਔਜਲਾ ਵੀ 40,301 ਵੋਟਾਂ ਨਾਲ ਜੇਤੂ ਰਹੇ ਜਦੋਂ ਕਿ ਫਤਹਿਗੜ੍ਹ ਸਾਹਿਬ ਤੋਂ ਮੌਜੂਦਾ ਕਾਂਗਰਸ ਦੇ ਸਾਂਸਦ ਡਾ. ਅਮਰ ਸਿੰਘ ਵੀ 34,202 ਵੋਟਾਂ ਨਾਲ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ. ਨੂੰ ਹਰਾ ਕੇ ਜੇਤੂ ਰਹੇ ।ਫ਼ਿਰੋਜ਼ਪੁਰ ਤੋਂ ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ ਨੇ 3242 ਵੋਟਾਂ ਨਾਲ ਭਾਜਪਾ ਦੇ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਹਰਾਇਆ ।ਪਟਿਆਲਾ ਤੋਂ ਕਾਂਗਰਸ ਦੇ ਡਾਕਟਰ ਧਰਮਵੀਰ ਗਾਂਧੀ ਵੀ 14831 ਵੋਟਾਂ ਨਾਲ ਜੇਤੂ ਰਹੇ। ਗੁਰਦਾਸਪੁਰ ਤੋਂ ਕਾਂਗਰਸ ਆਗੂ ਨੇ ਸੁਖਜਿੰਦਰ ਸਿੰਘ ਰੰਧਾਵਾ 82861 ਵੋਟਾਂ ਦੇ ਫ਼ਰਕ ਨਾਲ ਭਾਜਪਾ ਉਮੀਦਵਾਰ ਦਿਨੇਸ਼ ਬੱਬੂ ਨੂੰ ਹਰਾਇਆ।

ਇਨ੍ਹਾਂ ਚੋਣ ਨਤੀਜਿਆਂ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੇ ਮਿਸ਼ਨ 13-0 ਨੂੰ ਵੱਡੀ ਸੱਟ ਵੱਜੀ, ਜਦੋਂ ਆਪ ਪਾਰਟੀ ਦੀ ਜਿੱਤ ਕੇਵਲ 3 ਸੀਟਾਂ ਤਕ ਹੀ ਸੁੰਗੜ ਗਈ।ਆਮ ਆਦਮੀ ਪਾਰਟੀ ਗੈਰ ਮੰਤਰੀ ਜੇਤੂ ਰਹੇ ਦੋ ਉਮੀਦਵਾਰਾਂ ਵਿਚ ਸ੍ਰੀ ਆਨੰਦਪੁਰ ਸਾਹਿਬ ਤੋਂ ਪਾਰਟੀ ਦੇ ਬੁਲਾਰੇ ਮਲਵਿੰਦਰ ਸਿੰਘ ਕੰਗ 10,846 ਵੋਟਾਂ ਨਾਲ ਅਤੇ ਹੁਸ਼ਿਆਰਪੁਰ ਤੋਂ ਡਾ. ਰਾਜ ਕੁਮਾਰ ਚੱਬੇਵਾਲ 44,111 ਵੋਟਾਂ ਨਾਲ ਜੇਤੂ ਰਹੇ ।ਪੰਜਾਬ ਸਰਕਾਰ ਦੇ ਚਾਰ ਕੈਬਨਿਟ ਮੰਤਰੀ; ਗੁਰਮੀਤ ਸਿੰਘ ਖੁੱਡੀਆਂ, ਕੁਲਦੀਪ ਸਿੰਘ ਧਾਲੀਵਾਲ, ਡਾ. ਬਲਬੀਰ ਸਿੰਘ, ਅਤੇ ਲਾਲਜੀਤ ਸਿੰਘ ਭੁੱਲਰ ਆਦਿ ਚੋਣ ਹਾਰ ਗਏ ।ਸੰਗਰੂਰ ਤੋਂ ਚੋਣ ਲੜਨ ਵਾਲੇ ਇਕੋ-ਇਕ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਹੀ ਚੋਣ ਜਿੱਤ ਸਕੇ।ਦੋ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਮੌਕੇ ਬੇਮਿਸਾਲ ਫ਼ਤਵਾ ਲੈ ਕੇ ਸੱਤਾ ਵਿਚ ਆਉਣ ਵਾਲੀ ਆਪ ਪਾਰਟੀ ਲਈ ਇਹ ਵੱਡਾ ਝਟਕਾ ਹੈ, ਕਿਉਂਕਿ ਪਾਰਟੀ ਦੋ ਸਾਲ ਵਿਚ ਹੀ ਰਾਜ ਦੇ ਪੰਜਾਬੀਆਂ ਦਾ ਭਰੋਸਾ ਗੁਆ ਬੈਠੀ ਹੈ।

ਸਿਆਸੀ ਬਦਲਾਅ ਦੇ ਨਾਅਰੇ ਨਾਲ ਪੰਜਾਬ ਦੀ ਸੱਤਾ ਵਿਚ ਆਈ, ਬ਼ਗੈਰ ਕਿਸੇ ਸਿਧਾਂਤਕ ਪਿਛੋਕੜ ਵਾਲੀ ਆਪ ਪਾਰਟੀ ਦੀ ਸਰਕਾਰ ਦੌਰਾਨ ਪੰਜਾਬ ਦੀਆਂ ਖੇਤਰੀ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰਕੇ ਲਏ ਕਈ ਵੱਡੇ ਫ਼ੈਸਲਿਆਂ, ਜਿਵੇਂ ਕਿ ਪੰਜਾਬ ਤੋਂ ਰਾਜ ਸਭਾ ਲਈ ਨਾਮਜ਼ਦ ਕੀਤੇ 7 ਮੈਂਬਰਾਂ ਵਿਚੋਂ 5 ਗ਼ੈਰ-ਪੰਜਾਬੀਆਂ ਨੂੰ ਚੁਣਨ, ਸਰਕਾਰੀ ਨੌਕਰੀਆਂ 'ਵਿਚ ਪੰਜਾਬੋਂ ਬਾਹਰਲੇ ਲੋਕਾਂ ਨੂੰ ਵੱਡੀ ਪੱਧਰ 'ਤੇ ਭਰਤੀ ਕਰਨ ਅਤੇ ਪੰਜਾਬ ਦੇ ਦਰਿਆਈ ਪਾਣੀ ਪ੍ਰਤੀ ਅਸਪੱਸ਼ਟ ਅਤੇ ਦੋਗਲੀ ਨੀਤੀ ਵਰਤਣ ਕਾਰਨ ਪੰਜਾਬ ਦੇ ਲੋਕਾਂ ਅੰਦਰ ਸੱਤਾਧਾਰੀ ਪਾਰਟੀ ਪ੍ਰਤੀ ਬੇਭਰੋਸਗੀ ਦੀ ਭਾਵਨਾ ਵਧੀ ਹੈ।ਇਨ੍ਹਾਂ ਕਾਰਣਾਂ ਕਰਕੇ ਪੰਜਾਬੀਆਂ ਨੇ ਆਪ ਨੂੰ ਨਕਾਰਿਆ ਹੈ।

ਬੇਸ਼ੱਕ 103 ਸਾਲ ਪੁਰਾਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ 2020 ਦੇ ਕਿਸਾਨੀ ਸੰਘਰਸ਼ ਦੌਰਾਨ ਕੇਂਦਰੀ ਜਮਾਤ ਭਾਰਤੀ ਜਨਤਾ ਪਾਰਟੀ ਨਾਲੋਂ 27 ਸਾਲ ਪੁਰਾਣਾ ਆਪਣਾ ਨਿਰੋਲ ਸਿਆਸੀ ਗੱਠਜੋੜ ਛੱਡ ਦਿੱਤਾ ਸੀ ਪਰ ਖੇਤਰੀ ਖ਼ੁਦਮੁਖਤਿਆਰੀ ਨੂੰ ਪ੍ਰਣਾਈ ਪਾਰਟੀ ਵਲੋਂ ਲੰਬਾ ਅਰਸਾ ਮਜ਼ਬੂਤ ਕੇਂਦਰ ਦੀ ਮੁਦਈ ਪਾਰਟੀ ਦੇ ਨਾਲ ਰਾਜਨੀਤਕ ਗੱਠਜੋੜ ਦੌਰਾਨ ਸੂਬਾਈ ਬਿਰਤਾਂਤ ਨੂੰ ਮੁਖਾਤਿਬ ਨਾ ਹੋਣ ਕਾਰਨ, ਬੇਵਿਸ਼ਵਾਸੀ ਵਿਚ ਪੰਜਾਬੀ ਖਾਸ ਕਰਕੇ ਸਿਖ ਪੰਥ ਏਨਾ ਬਦਜ਼ਨ ਹੋ ਚੁੱਕਾ ਹੈ ਕਿ ਉਸਨੇ ਖੇਤਰੀ ਰਾਜਨੀਤੀ 'ਵਿਚ ਪੈਦਾ ਹੋਏ ਖਲਾਅ ਨੂੰ ਭਰਨ ਲਈ ਅਕਾਲੀ ਦਲ ਨੂੰ ਰਦ ਕਰਕੇ ਅਜ਼ਾਦ ਪੰਥਕ ਉਮੀਦਵਾਰਾਂ ਖਡੂਰ ਸਾਹਿਬ ਤੋਂ ਭਾਈ ਅੰਮ੍ਰਿਤਪਾਲ ਸਿੰਘ,ਫਰੀਦਕੋਟ ਤੋਂ ਸਰਬਜੀਤ ਸਿੰਘ ਖਾਲਸਾ ਨੂੰ ਜਿਤਾਕੇ ਪੰਥਕ ਰਾਜਨੀਤੀ ਦੀ ਹੋਂਦ ਦਾ ਪ੍ਰਗਟਾਵਾ ਕੀਤਾ ਹੈ।ਆਜ਼ਾਦ ਪੰਥਕ ਉਮੀਦਵਾਰਾਂ ਵਿਚ ਭਾਈ ਅੰਮ੍ਰਿਪਾਲ ਸਿੰਘ ਨੇ ਖਡੂਰ ਸਾਹਿਬ ਹਲਕੇ ਤੋਂ 1,97,120 ਵੋਟਾਂ ਨਾਲ ਵੱਡੀ ਜਿੱਤ ਹਾਸਲ ਕੀਤੀ ਹੈ।ਉਹ ਇਸ ਵੇਲੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਹਨ।ਇਸ ਤਰ੍ਹਾਂ ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁੱਤਰ ਸਰਬਜੀਤ ਸਿੰਘ ਖਾਲਸਾ ਨੇ ਵੀ ਫ਼ਰੀਦਕੋਟ ਹਲਕੇ ਤੋਂ 70,053 ਵੋਟਾਂ ਦੇ ਫ਼ਰਕ ਨਾਲ ਆਪ ਪਾਰਟੀ ਦੇ ਉਮੀਦਵਾਰ ਨੂੰ ਹਰਾ ਕੇ ਵੱਡੀ ਜਿੱਤ ਹਾਸਲ ਕੀਤੀ।



# "ਪਹਿਲਾਂ ਮੈਂ ਤਮਿਲ ਹਾਂ, ਫਿਰ ਭਾਰਤੀ''

## ਹੁਣ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਨਹੀਂ ਚੱਲੇਗੀ:ਕਮਲ ਹਾਸਨ



ਤਾਮਿਲਨਾਡੂ:-ਹਾਲ ਹੀ 'ਚ ਕਮਲ ਹਾਸਨ ਦੀ ਆਉਣ ਵਾਲੀ ਫਿਲਮ 'ਇੰਡੀਅਨ 2' ਦਾ ਆਡੀਓ ਲਾਂਚ ਈਵੈਂਟ ਚੇਨਈ 'ਚ ਆਯੋਜਿਤ ਕੀਤਾ ਗਿਆ। ਇਸ ਮੌਕੇ ਫਿਲਮ ਦੇ ਨਿਰਦੇਸ਼ਕ ਸ਼ੰਕਰ, ਅਦਾਕਾਰਾ ਕਾਜਲ ਅਗਰਵਾਲ, ਰਕੁਲ ਪ੍ਰੀਤ ਸਿੰਘ, ਬ੍ਰਹਮਾਨੰਦਮ, ਗੁਲਸ਼ਨ ਗਰੋਵਰ ਅਤੇ ਸੰਗੀਤਕਾਰ ਅਨਿਰੁਧ ਰਵੀਚੰਦਰ ਨੇ ਵੀ ਸ਼ਿਰਕਤ ਕੀਤੀ।ਇਸ ਈਵੈਂਟ 'ਚ ਕਮਲ ਹਾਸਨ ਨੇ ਖੁਦ ਗ੍ਰੈਂਡ ਐਂਟਰੀ ਲਈ। ਇਸ ਦੌਰਾਨ ਉਨ੍ਹਾਂ ਨੇ ਸਟੇਜ 'ਤੇ ਫਿਲਮ ਦੇ ਨਾਲ-ਨਾਲ ਰਾਜਨੀਤੀ 'ਤੇ ਵੀ ਗੱਲਬਾਤ ਕੀਤੀ।ਕਮਲ ਨੇ ਪੁੱਛਿਆ ਕਿ ਅੱਜ ਭਾਰਤੀ ਹੋਣ ਦਾ ਕੀ ਮਤਲਬ ਹੈ? ਉਨ੍ਹਾਂ ਨੇ ਫੁਟ ਪਾਓ ਅਤੇ ਰਾਜ ਕਰੋ' ਦੀ ਸਦੀਆਂ ਪੁਰਾਣੀ ਨੀਤੀ ਬਾਰੇ ਵੀ ਗੱਲ ਕੀਤੀ ਅਤੇ ਪੁੱਛਿਆ ਕਿ ਇੱਕ ਤਾਮਿਲੀਅਨ ਨੂੰ ਦੇਸ਼ 'ਤੇ ਰਾਜ ਕਿਉਂ ਨਹੀਂ ਕਰਨਾ ਚਾਹੀਦਾ? ਕਮਲ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਨਿਰਦੇਸ਼ਕ ਸ਼ੰਕਰ ਦੀ ਤਾਰੀਫ਼ ਕਰਕੇ ਕੀਤੀ। ਉਨ੍ਹਾਂ ਕਿਹਾ ਕਿ ਆਮਤੌਰ 'ਤੇ ਦੱਖਣ 'ਚ ਕਿਸੇ ਐਕਟਰ ਨੂੰ ਠੁਕਰਾਏ ਜਾਣ ਤੋਂ ਬਾਅਦ ਕੋਈ ਵੀ ਨਿਰਦੇਸ਼ਕ ਉਸ ਨੂੰ ਫਿਲਮ ਲੈ ਕੇ ਦੁਬਾਰਾ ਸੰਪਰਕ ਨਹੀਂ ਕਰਦਾ ਪਰ ਸ਼ੰਕਰ ਉਨ੍ਹਾਂ 'ਚੋਂ ਨਹੀਂ ਹੈ। ਫਿਲਮ 'ਇੰਡੀਅਨ 2' ਦੇ ਨਿਰਮਾਤਾ ਸੁਭਾਸ਼ਕਰਨ ਬਾਰੇ ਕਮਲ ਨੇ ਕਿਹਾ ਕਿ ਉਨ੍ਹਾਂ ਨੇ ਅਜੇ ਤੱਕ ਇਸ ਫਿਲਮ ਦੀ ਇਕ ਝਲਕ ਵੀ ਨਹੀਂ ਦੇਖੀ ਪਰ ਉਨ੍ਹਾਂ ਨੂੰ ਸਾਡੇ 'ਤੇ ਪੂਰਾ ਭਰੋਸਾ ਹੈ।


BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654



# 1393 - 20800 - WESTMINSTER HWY, RICHMOND, BC
Jasbir Singh Badh



Charlesworth insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"



Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਖੇਤਰੀ ਹਿੱਤਾਂ ਦੀ ਪ੍ਰਾਸੰਗਿਕਤਾ ਵਿਚ ਇਨ੍ਹਾਂ ਦੀ ਜਿੱਤ ਬਾਰੇ ਗੱਲ ਕੀਤੀ ਜਾਵੇ ਤਾਂ ਇਹ ਜਿੱਤ ਪੰਜਾਬ ਦੀ ਖੇਤਰੀ ਰਾਜਨੀਤੀ ਦਾ ਭਵਿੱਖ ਤੈਅ ਕਰਨ ਵਾਲੀ ਸਾਬਤ ਹੋਵੇਗੀ

ਭਾਵੇਂ ਕਿ ਅਕਾਲੀ ਦਲ ਬਾਦਲ ਬਠਿੰਡਾ ਤੋਂ ਆਪਣਾ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ ਜਿਤਾ ਕੇ ਆਪਣੀ ਸਿਆਸੀ ਤੇ ਖੇਤਰੀ ਹੋਂਦ ਬਚਾਉਣ ਵਿਚ ਸਫਲ ਹੋਇਆ ਹੈ।ਹਰਸਿਮਰਤ ਕੌਰ ਬਾਦਲ ਇਸ ਸੀਟ ਤੋਂ ਚੌਥੀ ਵਾਰ ਜੇਤੂ ਰਹੇ ਅਤੇ ਉਨ੍ਹਾਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ 49,656 ਵੋਟਾਂ ਨਾਲ ਹਰਾਇਆ। ਪਰ ਅਕਾਲੀ ਦਲ ਨੂੰ ਹੁਣ ਆਪਣੇ ਸੰਗਠਨ ਤੇ ਰਾਜਨੀਤੀ ਵਿਚ ਉਸਾਰੂ ਤਬਦੀਲੀਆਂ ਲਿਆਉਣੀਆਂ ਹੋਣਗੀਆਂ ।ਹਾਲਾਂਕਿ ਇਤਿਹਾਸਕ ਪ੍ਰਸੰਗ ਵਿਚ ਵੇਖਿਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਅਤੇ ਸਥਾਪਤੀ ਚੋਣਾਵੀ ਅੰਕੜਿਆਂ ਦੀ ਮੁਥਾਜ ਨਹੀਂ ਹੈ; ਕਿਉਂਕਿ ਅਕਾਲੀ ਦਲ ਦੀ ਹੋਂਦ ਪੰਥਕ ਤੇ ਪੰਜਾਬ ਹੱਕਾਂ 'ਤੇ ਪਹਿਰਾ ਦੇਣ ਵਿਚ ਮਹਿਫ਼ੂਜ਼ ਹੈ ਅਤੇ ਜਦੋਂ ਕਿਸੇ ਵੀ ਕਾਰਨ ਇਸ ਦੀ ਆਪਣੀ ਖੇਤਰੀ ਪਾਰਟੀ ਵਜੋਂ ਆਜ਼ਾਦ ਪਛਾਣ ਨੂੰ ਖੋਰਾ ਲੱਗਣਾ ਸ਼ੁਰੂ ਹੋਇਆ ਤਾਂ ਉਦੋਂ ਹੀ ਇਸ ਦਾ ਆਧਾਰ ਕਮਜ਼ੋਰ ਹੋਇਆ। ਇਸ ਚੋਣ ਵਿਚ ਹਾਰ ਤੋਂ ਬਾਅਦ ਅਕਾਲੀ ਦਲ ਨੂੰ ਪੰਜਾਬ ਨੂੰ ਮੁਖਾਤਿਬ ਹੁੰਦਿਆਂ ਆਪਣੇ ਭਵਿੱਖੀ ਏਜੰਡੇ ਨੂੰ ਪੁਨਰ-ਨਿਰਧਾਰਿਤ ਕਰਨਾ ਹੋਵੇਗਾ ਤੇ ਅਮਲੀ ਤਬਦੀਲੀਆਂ ਲਿਆਉਣੀਆਂ ਹੋਣਗੀਆਂ। ਹਾਲਾਂਕਿ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਸਿਰਫ਼ ਅਕਾਲੀ ਦਲ ਹੀ ਸੀ, ਜਿਸ ਨੇ ਪੰਜਾਬ ਦੇ ਦਰਿਆਈ ਪਾਣੀ, ਰਾਜਧਾਨੀ ਚੰਡੀਗੜ੍ਹ, ਅਨੰਦਪੁਰ ਸਾਹਿਬ ਦੇ ਮਤੇ ਅਤੇ ਰਾਜਾਂ ਨੂੰ ਆਰਥਿਕ ਤੇ ਪ੍ਰਸ਼ਾਸਨਿਕ ਖ਼ੁਦ-ਮੁਖਤਿਆਰੀ ਸਮੇਤ ਰਵਾਇਤੀ ਮੁੱਦਿਆਂ ਤੋਂ ਇਲਾਵਾ ਪੰਜਾਬ ਵਿਚ ਗ਼ੈਰ-ਪੰਜਾਬੀਆਂ ਦੇ ਹੋ ਰਹੇ ਬੇਤਰਤੀਬੇ ਪਰਵਾਸ ਨੂੰ ਰੋਕਣ ਅਤੇ ਗੁਆਂਢੀ ਦੇਸ਼ ਪਾਕਿਸਤਾਨ ਨਾਲ ਵਪਾਰ ਖੋਲ੍ਹਣ ਦੀ ਖੁੱਲ੍ਹ ਕੇ ਵਕਾਲਤ ਕੀਤੀ ਹੈ ਪਰ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਅਕਾਲੀ ਦਲ ਆਪਣੀ ਵਿਚਾਰਧਾਰਾ ਤੋਂ ਸੇਧ ਲੈ ਕੇ ਨਿਰੰਤਰ ਅੱਗੇ ਵਧਦਾ ਹੈ ਜਾਂ ਫ਼ਿਰ ਮੁੜ ਕਿਸੇ ਗੱਠਜੋੜ ਦੀ ਰਾਜਨੀਤੀ ਦਾ ਹਿੱਸਾ ਬਣ ਕੇ ਸੱਤਾ ਵਿਚ ਭਾਈਵਾਲ ਬਣਨ ਨੂੰ ਤਰਜੀਹ ਦਿੰਦਾ ਹੈ।

ਭਾਜਪਾ ਜਿਸ ਵਲੋਂ ਇਸ ਵਾਰ ਸਾਰੀਆਂ 13 ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਗਏ ਸਨ ਅਤੇ ਪਰ ਕੋਈ ਵੀ ਸੀਟ ਨਹੀਂ ਜਿੱਤ ਸਕੀ।ਹਾਲਾਂਕਿ ਪਾਰਟੀ ਨੂੰ ਇਸ ਵਾਰ ਕੁਲ 18.56 ਪ੍ਰਤੀਸ਼ਤ ਵੋਟ ਪ੍ਰਾਪਤ ਹੋਏ, ਜਦੋਂਕਿ ਪਾਰਟੀ ਨੂੰ ਦੋ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਮੌਕੇ 6.60 ਪ੍ਰਤੀਸ਼ਤ ਵੋਟ ਪ੍ਰਾਪਤ ਹੋਏ ਸਨ।

ਦਿਲਚਸਪ ਗੱਲ ਇਹ ਹੈ ਕਿ ਅਕਾਲੀ ਦਲ ਜਿਸ ਦੀ ਇਨ੍ਹਾਂ ਵੋਟਾਂ ਵਿਚ ਚੋਣ ਪ੍ਰਤੀਸ਼ਤ 13.42 ਪ੍ਰਤੀਸ਼ਤ ਰਹੀ, ਉਹ ਭਾਜਪਾ ਤੋਂ ਵੀ ਪਛੜ ਗਈ ਹੈ ।ਆਪ ਪਾਰਟੀ ਜਿਸ ਨੂੰ 2 ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਮੌਕੇ 42.01 ਪ੍ਰਤੀਸ਼ਤ ਵੋਟ ਪ੍ਰਾਪਤ ਹੋਏ ਸਨ।ਇਨ੍ਹਾਂ ਚੋਣਾਂ ਵਿਚ 26.02 ਪ੍ਰਤੀਸ਼ਤ ਵੋਟ ਪ੍ਰਾਪਤ ਕਰ ਸਕੀ, ਜੋ ਵੋਟ ਪ੍ਰਤੀਸ਼ਤ ਵਿਚ 16 ਪ੍ਰਤੀਸ਼ਤ ਦਾ ਵੱਡਾ ਘਾਟਾ ਹੈ। ਕਾਂਗਰਸ ਨੂੰ ਇਸ ਵਾਰ 26.30 ਪ੍ਰਤੀਸ਼ਤ ਵੋਟ ਪ੍ਰਾਪਤ ਹੋਇਆ, ਜੋ ਆਪ ਨਾਲੋਂ ਕੁਝ ਵੱਧ ਹੈ ।ਬਸਪਾ ਨੂੰ 2.49 ਪ੍ਰਤੀਸ਼ਤ ਵੋਟ ਮਿਲੇ।ਪੰਜਾਬੀਆਂ ਦੀ ਸਿਆਸੀ ਸੂਝ ਬੂਝ ਇਹ ਰਹੀ ਹੈ ਕਿ ਉਨ੍ਹਾਂ ਨੇ ਇਨ੍ਹਾਂ ਚੋਣਾਂ ਦੌਰਾਨ ਦਲ ਬਦਲੂਆਂ ਲੁਧਿਆਣਾ ਤੋਂ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਪਟਿਆਲਾ ਤੋਂ ਪ੍ਰਨੀਤ ਕੌਰ ਜੋ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਸਨ, ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ ਜੋ ਆਪ ਪਾਰਟੀ ਛੱਡ ਕੇ ਭਾਜਪਾ ਵਿਚ ਸ਼ਾਮਿਲ ਹੋਏ ਸਨ,ਜਲੰਧਰ ਤੋਂ ਅਕਾਲੀ ਉਮੀਦਵਾਰ ਮਹਿੰਦਰ ਸਿੰਘ ਕੇ.ਪੀ.ਜੋ ਕਿ ਕਾਂਗਰਸ ਛੱਡ ਕੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਏ ਸਨ ਅਤੇ ਜਲੰਧਰ ਤੋਂ ਹੀ ਆਪ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਜੋ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਸਨ ,ਨੂੰ ਹਰਾਕੇ ਸੁਨੇਹਾ ਦਿਤਾ ਹੈ ਕਿ ਗਿਰਗਟਾਂ ਵਾਂਗ ਰੰਗ ਬਦਲਦੇ ਦਲ ਬਦਲੂ ਆਗੂ ਪੰਜਾਬ ਨੂੰ ਮਨਜ਼ੂਰ ਨਹੀਂ।

**-ਰਜਿੰਦਰ ਸਿੰਘ ਪੁਰੇਵਾਲ**

# ਬਰੇਲੀ ਦੇ ਗੁਰਦੁਆਰਿਆਂ 'ਚ ਸੰਤ ਭਿੰਡਰਾਂਵਾਲਾ ਦੇ ਪੋਸਟਰ ਲਗਾਉਣ ਦੇ ਦੋਸ਼ 'ਚ 5 ਵਿਰੁੱਧ ਮਾਮਲਾ ਦਰਜ

ਬਰੇਲੀ:ਉੱਤਰ ਪ੍ਰਦੇਸ਼ ਦੇ ਬਰੇਲੀ ਸ਼ਹਿਰ ਦੇ ਮਾਡਲ ਟਾਊਨ ਅਤੇ ਜਨਕਪੁਰੀ ਦੇ ਗੁਰਦੁਆਰਿਆਂ 'ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਪੋਸਟਰ ਲਗਾਉਣ ਦੇ ਦੋਸ਼ 'ਚ ਪੁਲਿਸ ਨੇ 5 ਵਿਅਕਤੀਆਂ ਵਿਰੁਧ ਮਾਮਲਾ ਦਰਜ ਕੀਤਾ ਹੈ। ਇਕ ਸੀਨੀਅਰ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿਤੀ।ਬਰੇਲੀ ਦੇ ਪੁਲਿਸ ਸੁਪਰਡੈਂਟ (ਸਿਟੀ) ਰਾਹੁਲ ਭਾਟੀ ਨੇ ਕਿਹਾ ਕਿ ਸ਼ਿਕਾਇਤ ਤੋਂ ਬਾਅਦ ਧਾਰਮਕ ਸਥਾਨ ਤੋਂ ਪੋਸਟਰ ਹਟਾ ਦਿਤੇ ਗਏ ਹਨ। ਮਾਡਲ ਟਾਊਨ ਦੇ ਚੌਕੀ ਇੰਚਾਰਜ ਵੈਭਵ ਗੁਪਤਾ ਨੇ ਦਸਿਆ ਕਿ 1 ਜੂਨ ਨੂੰ ਮਾਡਲ ਟਾਊਨ ਗੁਰਦੁਆਰੇ ਵਿਚ 1984 ਕਤਲੇਆਮ ਦੇ ਸਬੰਧ ਵਿਚ ਸ਼ਹੀਦੀ ਦਿਵਸ ਮਨਾਇਆ ਗਿਆ ਸੀ ਅਤੇ ਇਸ ਮੌਕੇ ਉਥੇ ਲਗਾਏ ਗਏ ਪੋਸਟਰਾਂ 'ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਅਮਰੀਕ ਸਿੰਘ ਅਤੇ ਜਨਰਲ ਸੁਬੇਗ ਸਿੰਘ ਦੀਆਂ ਤਸਵੀਰਾਂ ਲਗਾਈਆਂ ਗਈਆਂ ਸਨ ਅਤੇ ਉਨ੍ਹਾਂ ਨੂੰ ਸ਼ਹੀਦ ਦਸਿਆ ਗਿਆ ਸੀ। ਪੁਲਿਸ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਪੋਸਟਰ ਮਾਡਲ ਟਾਊਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਲੋਂ ਛਾਪੇ ਗਏ ਸਨ।ਗੁਪਤਾ ਨੇ ਦਸਿਆ ਕਿ ਸ਼ਿਕਾਇਤ ਦੇ ਆਧਾਰ 'ਤੇ ਮਾਡਲ ਟਾਊਨ ਗੁਰਦੁਆਰੇ ਦੇ ਪ੍ਰਧਾਨ ਮਲਿਕ ਸਿੰਘ ਕਾਲੜਾ, ਗੁਰਦੀਪ ਸਿੰਘ ਬੱਗਾ, ਹਰਨਾਮ ਸਿੰਘ, ਰਾਜਿੰਦਰ ਸਿੰਘ ਜਾਨੀ, ਹਰਦੀਪ ਸਿੰਘ ਨਿੰਮਾ ਵਿਰੁਧ ਧਾਰਾ 153ਬੀ1 (ਸੀ) (ਦੋ ਸਮੂਹਾਂ ਜਾਂ ਜਾਤ ਜਾਂ ਭਾਈਚਾਰੇ ਅਤੇ ਹੋਰ ਵਿਅਕਤੀਆਂ ਵਿਚਕਾਰ ਦੁਸ਼ਮਣੀ ਜਾਂ ਦੁਸ਼ਮਣੀ ਜਾਂ ਦੁਸ਼ਮਣੀ ਨੂੰ ਉਤਸ਼ਾਹਤ ਕਰਨਾ) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਜਨਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# 4 ਜੂਨ ਦਾ ਸਿਦਕੀ ਦਿਹਾੜਾ ...



ਹਰ ਦਿਨ ਸਿੱਖ ਇਤਿਹਾਸ ਵਿੱਚ ਮਹੱਤਵਪੂਰਨ ਹੈ ਕਿਉਂਕਿ ਹਰੇਕ ਦਿਨ ਨਾਲ ਸਿੱਖਾਂ ਦੀ ਕੁਰਬਾਨੀ ਜਾਂ ਬਹਾਦਰੀ ਦੀ ਦਾਸਤਾਨ ਜੁੜੀ ਹੋਈ ਹੈ। ਇਸ ਤਰ੍ਹਾਂ ਜੂਨ ਦਾ ਪਹਿਲਾ ਹਫ਼ਤਾ ਵੀ ਬਹੁਤ ਅਹਿਮ ਹੈ। ਪਹਿਲੀ ਜੂਨ 1984 ਤੋਂ ਛੇ ਜੂਨ ਤੱਕ ਹਰ ਦਿਨ ਇਤਿਹਾਸ ਦਾ ਨਵਾਂ ਪੰਨਾਂ ਲਿਖਦਾ ਰਿਹਾ ਹੈ।ਬਹੁਤ ਸਾਰੇ ਇਤਿਹਾਸਕਾਰਾਂ, ਟਿੱਪਣੀਕਾਰਾਂ, ਸਿੱਖ ਹਿਤੈਸ਼ੀਆਂ ਜਾਂ ਵਿਰੋਧੀਆਂ ਨੇ ਆਪਣੇ ਆਪਣੇ ਨਜ਼ਰੀਏ ਨਾਲ ਇਹਨਾਂ ਦਿਨਾਂ ਦੇ ਵਿੱਚ ਵਾਪਰੇ ਸਾਕੇ ਦੀ ਇਬਾਰਤ ਲਿਖੀ ਹੈ। ਸਰਕਾਰ ਨੇ ਇਸ ਨੂੰ ਓਪਰੇਸ਼ਨ ਬਲਿਊ ਸਟਾਰ ਦਾ ਨਾਮ ਦਿੱਤਾ, ਪ੍ਰੰਤੂ ਅਸਲ ਵਿੱਚ ਇਹ ਇੱਕ ਬੜਾ ਖਤਰਨਾਕ ਹਮਲਾ ਸੀ। ਜਿਸ ਨੂੰ ਭਾਰਤ, ਬਰਤਾਨੀਆਂ, ਰੂਸ ਅਤੇ ਇਜ਼ਰਾਈਲ ਦੀਆਂ ਸਰਕਾਰਾਂ ਅਤੇ ਲਾਲ ਕ੍ਰਿਸ਼ਨ ਅਡਵਾਨੀ ਤੇ ਅਟਲ ਬਿਹਾਰੀ ਵਾਜਪਾਈ ਵਰਗੇ ਭਾਰਤ ਦੇ ਕੱਟੜਵਾਦੀ ਹਿੰਦੂਤਵੀ ਆਗੂਆਂ ਨੇ ਰਲਕੇ ਅੰਜ਼ਾਮ ਦਿੱਤਾ ਸੀ। ਭਾਰਤ ਦੀ ਫੌਜ਼ ਬੜੀ ਸ਼ਕਤੀਸ਼ਾਲੀ ਮੰਨੀ ਜਾਂਦੀ ਹੈ ਅਤੇ ਰੂਸ ਬਰਤਾਨੀਆਂ ਜਾਂ ਇਜ਼ਰਾਈਲ ਵਰਗੀਆਂ ਵੱਡੀਆਂ ਤਾਕਤਾਂ ਅਤੇ ਉਹਨਾਂ ਦੀਆਂ ਨਵੀਨਤਮ ਤਕਨੀਕਾਂ ਦਾ ਨਾਮ ਸੁਣਦਿਆਂ ਹੀ ਵੱਡੇ ਵੱਡਿਆਂ ਨੂੰ ਕੱਚੀਆਂ ਤਰੇਲੀਆਂ ਆਉਣ ਲੱਗ ਪੈਂਦੀਆਂ ਹਨ ? ਪ੍ਰੰਤੂ ਸਿੰਘਾਂ ਦਾ ਵੀ ਇਤਿਹਾਸ ਹੈ ਕਿ ਜਿੱਡੀ ਮਰਜ਼ੀ ਸ਼ਕਤੀ ਨਾ ਮੱਥਾ ਲੱਗੇ, ਲੜਾਈ ਆਰ ਪਾਰ ਦੀ ਹੀ ਲੜਦੇ ਹਨ। ਤਿੰਨ ਜੂਨ ਦੀ ਰਾਤ ਅਤੇ ਚਾਰ ਜੂਨ ਦੀ ਸਵੇਰ ਵਿਚਲਾ ਸਮਾਂ ਇਸ ਘੱਲੂਘਾਰੇ ਦਾ ਇੱਕ ਅਹਿਮ ਹਿੱਸਾ ਹੈ, ਕਿਉਂਕਿ ਤਿੰਨ ਜੂਨ ਤੱਕ ਘੇਰਾਬੰਦੀ ਸੀ ਅਤੇ ਕਿਆਸਰਾਈਆਂ ਸਨ, ਕਿ ਸ਼ਾਇਦ ਫੌਜ਼ ਦਾ ਤਾਮਾ ਝਾਮਾ ਦੇਖਕੇ ਦਰਬਾਰ ਸਾਹਿਬ ਕੰਪਲੈਕਸ ਅੰਦਰਲੇ ਸਿੰਘ ਹਥਿਆਰ ਸੁੱਟ ਜਾਣਗੇ ? ਨਾਲ ਨਾਲ ਕੁੱਝ ਵਸੀਲਿਆਂ ਰਾਹੀਂ ਗੱਲਬਾਤ ਕਰਨ ਅਤੇ ਝੂਠੇ ਭਰੋਸੇ ਦੇਕੇ ਆਤਮ-ਸਮਰਪਣ ਕਰਵਾਉਣ ਦੇ ਯਤਨ ਵੀ ਸਨ। ਪ੍ਰੰਤੂ ਜਦੋਂ ਤਿੰਨ ਜੂਨ ਦੁਪਿਹਰ ਤੱਕ ਸਿੰਘਾਂ ਤੇ ਕੋਈ ਅਸਰ ਨਾ ਹੋਇਆ ਤਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼ਾਮ ਨੂੰ ਆਖਰੀ ਵਾਰ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਮਿਲੇ ਅਤੇ ਉਹਨਾਂ ਦਾ ਪੱਖ ਜਾਣਿਆ।ਜਿਸ ਵਿੱਚ ਉਹਨਾਂ ਸਪਸ਼ਟ ਕਿਹਾ ਕਿ ਖਾਲਸਾ ਹੱਥ ਨਹੀਂ ਖੜ੍ਹੇ ਕਰ ਸਕਦਾ ਸ਼ਹਾਦਤ ਤਾਂ ਦੇ ਸਕਦਾ ਹੈ। ਆਸਰਾ ਗੁਰੂ ਰਾਮਦਾਸ ਅਤੇ ਮੀਰੀ ਪੀਰੀ ਦੇ ਮਾਲਿਕ ਦਾ ਸੀ ਅਤੇ ਅਗਵਾਈ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਫੌਜ਼ੀ ਕਮਾਂਡ ਜਨਰਲ ਸੁਬੇਗ ਸਿੰਘ ਹੋਰਾਂ ਦੀ ਸੀ। ਫਿਰ ਸਿੰਘਾਂ ਨੂੰ ਕਾਹਦੀ ਪ੍ਰਵਾਹ ਹੋਣੀ ਸੀ। ਇਸ ਕਰਕੇ ਤਿੰਨ ਜੂਨ ਦੀ ਰਾਤ ਤੋਂ ਬਾਅਦ ਚਾਰ ਜੂਨ ਦੀ ਸਵੇਰ ਨੂੰ ਇਹ ਫੈਸਲਾ ਹੋ ਗਿਆ ਕਿ ਸਿਦਕਦਿਲੀ ਨਾਲ ਲੜਨਾ ਹੈ। ਮੁੱਠੀ ਭਰ ਸਿੰਘ ਚਾਰ ਜੂਨ ਤੋਂ ਲੈਕੇ ਛੇ ਜੂਨ ਤੱਕ ਭੁੱਖਣ ਭਾਣੇ ਸਿਦਕ ਅਤੇ ਭਰੋਸੇ ਦੇ ਸਿਰ ਤੇ ਲੜਦੇ ਰਹੇ। ਭਾਰਤ ਦੀ ਉਹ ਮਜ਼ਬੂਤ ਫੌਜ਼ ਜਿਸਨੇ ਪਾਕਿਸਤਾਨ ਦੇ ਜਨਰਲ ਨਿਆਜ਼ੀ ਅਤੇ ਨੱਬੇ ਹਜ਼ਾਰ ਫੌਜ਼ੀਆਂ ਨੂੰ ਗੋਡੇ ਟੇਕਣ ਲਈ ਮਜ਼ਬੂਰ ਕਰਕੇ ਆਤਮ ਸਮਰਪਣ ਕਰਵਾਇਆ ਸੀ, ਅੱਜ ਇੱਥੇ ਨੱਬੇ ਕੁ ਸਿੰਘਾਂ ਦਾ ਮੁਕਾਬਲਾ ਕਰਕੇ ਨਮੋਸ਼ੀ ਝੱਲ ਰਹੀ ਸੀ ਕਿ ਉਹਨਾਂ ਵਿੱਚੋਂ ਇੱਕ ਵੀ ਆਤਮ ਸਮਰਪਣ ਕਰਨ ਲਈ ਅੱਗੇ ਨਹੀਂ ਆਇਆ ਅਤੇ ਫੌਜ਼ ਦਾ ਵੱਡਾ ਨੁਕਸਾਨ ਹੋ ਰਿਹਾ ਸੀ। ਇਹ ਕੋਈ ਕਹਾਣੀ ਨਹੀਂ ਹੈ। ਭਾਰਤੀ ਫੌਜ ਦੇ ਜਰਨੈਲਾਂ ਵੱਲੋਂ ਲਿਖੀ ਕਿਤਾਬਾਂ ਦਾ ਸਾਰ ਹੈ ਕਿ ਜੇ ਦਰਬਾਰ ਸਾਹਿਬ ਵਿਚਲੇ ਸਿੰਘਾਂ ਵਰਗੇ ਕੁੱਝ ਹਜ਼ਾਰ ਯੋਧੇ ਹੀ ਹੋਰ ਤਾਂ ਗਵਾਂਢੀ ਮੁਲਕਾਂ ਨੂੰ ਘੰਟਿਆਂ ਵਿੱਚ ਗੁਲਾਮ ਬਣਾ ਦੇਈਏ? ਚਾਰ ਜੂਨ ਕਿਲ੍ਹਾ ਅਨੰਦਗੜ੍ਹ, ਚਮਕੌਰ ਦੀ ਕੱਚੀ ਗੜ੍ਹੀ, ਖਿਦਰਾਣੇ ਦੀ ਢਾਬ, ਗੜ ਗੁਰਦਾਸਨੰਗਲ ਅਤੇ ਸਾਰਾਗੜ੍ਹੀ ਦੇ ਇਤਿਹਾਸ ਦੀ ਤਰਜ਼ਮਾਨੀ ਸੀ ਕਿ ਸਿੰਘਾਂ ਨੂੰ ਆਪਣੇ ਗਿਣਤੀ ਘੱਟ ਜਾਂ ਦੁਸ਼ਮਣ ਦੀ ਵੱਧ ਗਿਣਤੀ ਜਾਂ ਵੱਡੀ ਤਾਕਤ ਨਾਲ ਕੋਈ ਸਰੋਕਾਰ ਨਹੀਂ ਹੁੰਦਾ, ਸਗੋਂ ਉਹਨਾਂ ਸਾਹਮਣੇ ਸਿਦਕ ਅਤੇ ਦਲੇਰੀ ਨਾਲ ਟਾਕਰਾ ਕਰਨਾ ਹੀ ਇੱਕ ਮਾਤ ਨਿਸ਼ਾਨਾਂ ਹੁੰਦਾ ਹੈ। ਨਤੀਜਾ ਜਿੱਤ ਹਾਰ ਨਹੀਂ ਹੁੰਦਾ ਸਗੋਂ ਇਹ ਦੇਖਿਆ ਜਾਂਦਾ ਹੈ ਕਿ ਕੌਰ ਸਿਦਕ ਨਾਲ ਲੜਿਆ ਅਤੇ ਆਖਰੀ ਦਮ ਤੱਕ ਦੁਸ਼ਮਣ ਤੇ ਭਾਰੂ ਰਿਹਾ। ਜਿਹਨਾਂ ਨੂੰ ਦੁਸ਼ਮਣ ਵੀ ਇਤਿਹਾਸ ਵਿੱਚ ਯੋਧੇ ਲਿਖਦੇ ਹਨ। ਇਸ ਕਰਕੇ ਜੂਨ 1984 ਵਿੱਚ ਸਿੱਖ ਪੰਥ ਦਾ ਵੱਡ ਨੁਕਸਾਨ ਹੋਇਆ। ਪ੍ਰੰਤੂ ਇਸ ਉੱਤੇ ਸਿੱਖਾਂ ਨੂੰ ਅਫਸੋਸ ਨਹੀਂ ਫ਼ਖਰ ਹੈ ਕਿ ਅਸੀਂ ਇਤਿਹਾਸ ਦੇ ਹਾਣੀ ਹਾਂ। ਜੂਨ 84 ਵਿੱਚ ਸਿੱਖਾਂ ਨੇ ਬਹਾਦਰੀ ਭਰੇ ਇਤਿਹਾਸ ਦੇ ਹਰਫ਼ਾਂ ਨੂੰ ਆਪਣੇ ਲਈ ਨਾਲ ਹੋਰ ਗੂੜਾ ਰੰਗ ਦਿੱਤਾ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਬਜ਼ੁਰਗਾਂ ਦੀ ਸਿਦਕਦਿਲੀ ਅਤੇ ਗੁਰੂ ਪੰਥ ਨੂੰ ਸਮਰਪਿਤ ਭਾਵਨਾਂ ਬਾਰੇ ਜਾਣਕਾਰੀ ਮਿਲਦੀ ਰਹੇ। ਇਸ ਲਈ ਅੱਜ ਦੇ ਦਿਨ ਨੂੰ ਸਿਦਕੀ ਦਿਹਾੜੇ ਵਜੋਂ ਮਨਾਉਣਾ ਚਾਹੀਦਾ ਹੈ।

**ਗੁਰਿੰਦਰਪਾਲ ਸਿੰਘ ਧਨੌਲਾ**

## ਕਾਨਪੁਰ ਵਿਚ ਸਿੱਖ ਭਾਈਚਾਰੇ ਨੇ ਕਾਲੀਆਂ ਪੱਗਾਂ ਬੰਨ੍ਹ ਕੇ ਕੱਢਿਆ ਸ਼ਾਂਤੀ ਮਾਰਚ, ਜੂਨ 1984 ਦੇ ਸ਼ਹੀਦਾਂ ਨੂੰ ਦਿੱਤੀ ਸਰਧਾਂਜਲੀ

ਕਾਨਪੁਰ ਵਿਚ ਜੂਨ 1984 ਵਿਚ ਸਿੱਖ ਕੌਮ ਨੇ ਅਕਾਲ ਤਖ਼ਤ ਸਾਹਿਬ ਵਿਖੇ ਇਸ ਘਟਨਾ ਦੇ 40 ਸਾਲ ਪੂਰੇ ਹੋਣ ਦੀ ਯਾਦ ਵਿਚ ਅਤੇ ਇਸ ਵਿਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ ਦੀ ਯਾਦ ਵਿਚ ਸ਼ਾਂਤੀ ਮਾਰਚ ਕੱਢਿਆ।ਇਸ ਘਟਨਾ ਨੂੰ ਘੱਲੂਘਾਰਾ ਵੀ ਕਿਹਾ ਜਾਂਦਾ ਹੈ।

ਇਹ ਸ਼ਾਂਤੀ ਮਾਰਚ ਐਤਵਾਰ ਸ਼ਾਮ ਨੂੰ ਗੁਰਦੁਆਰਾ ਮਾਤਾ ਗੁਜਰੀ ਜੀ ਲੇਬਰ ਕਲੋਨੀ ਤੋਂ ਸ਼ੁਰੂ ਹੋਇਆ।ਇਹ ਮਾਰਚ ਨਟਰਾਜ ਸਿਨੇਮਾ, ਬਾਟਾ ਚੌਕ ਅਤੇ ਗੋਵਿੰਦ ਨਗਰ ਥਾਣੇ ਤੋਂ ਹੁੰਦਾ ਹੋਇਆ ਚਾਵਲਾ ਮਾਰਕੀਟ ਚੌਰਾਹੇ ਪਹੁੰਚ ਕੇ ਸਮਾਪਤ ਹੋਇਆ। ਇੱਥੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸ਼ਾਂਤੀ ਮਾਰਚ ਵਿਚ ਸਾਰੇ ਸਿੱਖ ਮਰਦਾਂ ਨੇ ਕਾਲੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ ਅਤੇ ਔਰਤਾਂ ਨੇ ਕਾਲੇ ਰੁਮਾਲ ਅਤੇ ਬਾਹਾਂ ਉੱਤੇ ਕਾਲੀਆਂ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਉਹ "ਵਾਹਿਗੁਰੂ ਵਾਹਿਗੁਰੂ" ਦੇ ਜਾਪ ਕਰ ਰਹੇ ਸਨ।ਜਿਸ ਵਿਚ ਮੁੱਖ ਤੌਰ ਤੇ ਸਰਦਾਰ ਰਣਜੀਤ ਸਿੰਘ, ਰਜਿੰਦਰ ਸਿੰਘ ਜਿੰਦੀ, ਗੁਰਦੀਪ ਸਿੰਘ, ਟੀ.ਪੀ ਸਿੰਘ ਸੋਨੂੰ, ਬਲਵਿੰਦਰ ਸਿੰਘ, ਮਨਜੀਤ ਸਿੰਘ, ਨਿਰਮਲ ਸਿੰਘ, ਪਰਮਜੀਤ ਸਿੰਘ ਛਾਬੜਾ ਆਦਿ ਨੇ ਸ਼ਮੂਲੀਅਤ ਕੀਤੀ।


GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ



ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*7 ਜੂਨ ਦਿਨ ਸ਼ੁੱਕਰਵਾਰ ਦੁਪਹਿਰ 12 ਤੋਂ ਸ਼ਾਮ 4 ਵਜੇ ਤੱਕ (40 ਦਿਨਾਂ ਤੋਂ ਚੱਲ ਰਹੇ ਚੌਪਹਿਰਾ ਸਾਹਿਬ) ਦੇ ਭੋਗ ਅਤੇ ਦੀਵਾਨ ਬਾਬਾ ਜਗਜੀਤ ਸਿੰਘ ਜੀ ਸਜਾਉਣਗੇ।

*8 ਜੂਨ ਦਿਨ ਸ਼ਨਿਚਰਵਾਰ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿਚ ਸ੍ਰੀ ਅਖੰਡਪਾਠ ਸਾਹਿਬ ਸਵੇਰੇ 10 ਵਜੇ ਹਾਲ ਨੰ:2 ਵਿਚ ਆਰੰਭ ਹੋਣਗੇ ਜਿਸਦੀ ਸੇਵਾ ਭਾਈ ਦੀਦਾਰ ਸਿੰਘ ਜੀ ਤੇ ਸਮੂਹ ਪਰਿਵਾਰ ਵੱਲੋਂ ਹੋਵੇਗੀ।

*9 ਜੂਨ ਦਿਨ ਐਤਵਾਰ ਸਵੇਰੇ 9 ਤੋਂ 11 ਵਜੇ ਤੱਕ ਹਫਤਾਵਾਰੀ ਦੀਵਾਨ ਸਜਣਗੇ।ਜਿਸ ਵਿਚ ਗਿਆਨੀ ਰਾਜਪਾਲ ਸਿੰਘ ਜੀ ਬੋਪਾਰਾਏ (ਕਥਾਵਾਚਕ), ਸੰਤ ਬਾਬਾ ਭਗਵੰਤ ਸਿੰਘ (ਰਾੜਾ ਸਾਹਿਬ), ਸੰਤ ਬਾਬਾ ਜਗਜੀਤ ਸਿੰਘ (ਗੁਰਨੇ ਕਲਾਂ ਖਾਰੇ ਵਾਲੇ) ਸੇਵਕ ਜਥਾ ਦੀਵਾਨ ਸਜਾਉਣਗੇ।

*10 ਜੂਨ ਦਿਨ ਸੋਮਵਾਰ ਸ਼ਹੀਦੀ ਪੁਰਬ ਦੇ ਸਬੰਧ ਵਿਚ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।ਉਪਰੰਤ ਕਥਾ ਕੀਰਤਨ ਦੀਵਾਨ ਸਜਣਗੇ।

ਤੁਸੀਂ ਇਥੇ ਖੁਸ਼ੀ, ਗ਼ਮੀ, ਵਿਆਹ ਸ਼ਾਦੀ ਲਈ ਬੁਕਿੰਗ ਕਰਵਾ ਸਕਦੇ ਹੋ ਜੀ।ਸੰਗਤ ਦੀ ਸੇਵਾ ਲਈ ਸਾਰੀ ਸਹੂਲਤ ਤਿਆਰ ਹੈ।






ਸੂਬੇਦਾਰ ਭਾਈ ਹਰਮੰਦਿਰ ਸਿੰਘ ਜੀ ਮੱਖਣ (ਮਸਤੂਆਣਾ ਸਾਹਿਬ ਸੰਗਰੂਰ ਵਾਲੇ) ਭਾਈ ਅਜਮੇਰ ਸਿੰਘ ਨੂੰ ਗੁ. ਗੁਰਸਾਗਰ ਮਸਤੂਆਣਾ ਸਾਹਿਬ ਸਰੀ ਪਹੁੰਚਣ ਤੇ ਸਿਰੋਪਾਉ ਦੇ ਕੇ ਸਨਮਾਨਿਤ ਕਰਦੇ ਹੋਏ, ਸ. ਮਹਿੰਦਰ ਸਿੰਘ ਜੀ ਮਹਿਸਮਪੁਰ (ਮੁੱਖ ਸੇਵਾਦਾਰ) ਅਤੇ ਸੰਗਤ

ਸ੍ਰੀ ਮਾਨ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਜੀ ਦੀ ਸਾਲਾਨਾ ਬਰਸੀ ਦੇ ਸਬੰਧ ਵਿਚ 9 ਜੂਨ 2024 ਤੋਂ 1 ਜੁਲਾਈ 2024 ਤੱਕ ਸ੍ਰੀ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ। ਅਖੰਡਪਾਠ ਸਾਹਿਬ ਦੀ ਸੇਵਾ ਲੈਣ ਲਈ ਗੁਰੂਘਰ ਨਾਲ ਸੰਪਰਕ ਕਰੋ ਜੀ।

ਰਾਗੀ ਜੱਥੇ
ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ
ਭਾਈ ਨਿਰਮਲਜੀਤ ਸਿੰਘ ਖਾਲਸਾ
ਫਿਰੋਜਪੁਰ ਵਾਲੇ

ਕਥਾਵਾਚਕ
ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)
ਭਾਈ ਰਾਜਪਾਲ ਸਿੰਘ ਜੀ ਬੋਪਾਰਾਏ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਚੀਨ ਨਾਲ ਨੇੜ ਭਵਿੱਖ ’ਚ ਜੰਗ ਦੀ ਸੰਭਾਵਨਾ ਨਹੀਂ:ਆਸਟਿਨ

ਸਿੰਗਾਪੁਰ:ਅਮਰੀਕੀ ਰੱਖਿਆ ਮੰਤਰੀ ਲੌਇਡ ਆਸਟਿਨ ਨੇ ਸਿਖਰਲੇ ਸੁਰੱਖਿਆ ਅਧਿਕਾਰੀਆਂ ਦੇ ਇੱਕ ਸਮੂਹ ਨੂੰ ਕਿਹਾ ਕਿ ਏਸ਼ੀਆ-ਪ੍ਰਸ਼ਾਂਤ ’ਚ ਤੇਜ਼ੀ ਨਾਲ ਵਧਦੇ ਤਣਾਅ ਦੇ ਬਾਵਜੂਦ ਚੀਨ ਨਾਲ ਨੇੜ ਭਵਿੱਖ ’ਚ ਜੰਗ ਦੀ ਕੋਈ ਸੰਭਾਵਨਾ ਨਹੀਂ ਹੈ ਤੇ ਅਜਿਹਾ ਕੋਈ ਕਾਰਨ ਵੀ ਨਹੀਂ ਹੈ ਕਿ ਅਜਿਹੀ ਕਿਸੇ ਜੰਗ ਨੂੰ ਟਾਲਿਆ ਨਾ ਜਾ ਸਕੇ। ਉਨ੍ਹਾਂ ਨਾਲ ਹੀ ਗਲਤ ਅਨੁਮਾਨ ਤੇ ਗਲਤਫਹਿਮੀਆਂ ਤੋਂ ਬਚਣ ਲਈ ਆਪਣੇ ਤੇ ਚੀਨੀ ਹਮਰੁਤਬਾ ਵਿਚਾਲੇ ਨਵੇਂ ਸਿਰੇ ਤੋਂ ਵਾਰਤਾ ਦੇ ਮਹੱਤਵ ’ਤੇ ਜ਼ੋਰ ਦਿੱਤਾ। ਆਸਟਿਨ ਨੇ ਸਿੰਗਾਪੁਰ ’ਚ ਸ਼ੰਗਰੀ ਲਾ ਰੱਖਿਆ ਮੰਚ ਤੋਂ ਇਹ ਟਿੱਪਣੀਆਂ ਚੀਨ ਦੇ ਰੱਖਿਆ ਮੰਤਰੀ ਡੌਂਗ ਜੁਨ ਨਾਲ ਇੱਕ ਘੰਟੇ ਤੋਂ ਵੀ ਵੱਧ ਸਮਾਂ ਚੱਲੀ ਮੀਟਿੰਗ ਤੋਂ ਬਾਅਦ ਕੀਤੀਆਂ। ਸਾਲ 2022 ’ਚ ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੀ ਤਤਕਾਲੀ ਸਪੀਕਰ ਨੈਨਸੀ ਪੈਲੋਸੀ ਦੀ ਤਾਇਵਾਨ ਯਾਤਰਾ ਮਗਰੋਂ ਅਮਰੀਕਾ ਤੇ ਚੀਨੀ ਸੈਨਾਵਾਂ ਵਿਚਾਲੇ ਸੰਪਰਕ ਖਤਮ ਹੋ ਗਿਆ ਸੀ। ਇਸ ਮਗਰੋਂ ਦੋਵੇਂ ਸਿਖਰਲੇ ਰੱਖਿਆ ਅਧਿਕਾਰੀਆਂ ਵਿਚਾਲੇ ਆਹਮੋ-ਸਾਹਮਣੇ ਪਹਿਲੀ ਮੀਟਿੰਗ ਹੈ। ਮੀਟਿੰਗ ਬਾਰੇ ਵੇਰਵੇ ਦੇਣ ਤੋਂ ਇਨਕਾਰ ਕਰਦਿਆਂ ਆਸਟਿਨ ਨੇ ਕਿਹਾ ਕਿ ਸਭ ਤੋਂ ਅਹਿਮ ਗੱਲ ਇਹ ਹੈ ਕਿ ਦੋਵੇਂ ਆਗੂ ਮੁੜ ਤੋਂ ਗੱਲਬਾਤ ਕਰ ਰਹੇ ਹਨ। ਆਸਟਿਨ ਨੇ ਕਿਹਾ, ‘ਚੀਨ ਨਾਲ ਜੰਗ ਜਾਂ ਲੜਾਈ ਦੀ ਨੇੜ ਭਵਿੱਖ ’ਚ ਕੋਈ ਸੰਭਾਵਨਾ ਨਹੀਂ ਹੈ।’ ਉਨ੍ਹਾਂ ਕਿਹਾ, ‘ਵੱਡੇ ਦੇਸ਼ਾਂ ਦੇ ਆਗੂਆਂ ਨੂੰ ਇਹ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਨ ਦੀ ਲੋੜ ਹੈ ਕਿ ਅਸੀਂ ਗਲਤ ਅਨੁਮਾਨਾਂ ਤੇ ਗਲਤਫਹਿਮੀਆਂ ਲਈ ਮੌਕੇ ਘਟਾਉਣ ਵਾਲੇ ਕੰਮ ਕਰੀਏ।’ ਉਨ੍ਹਾਂ ਕਿਹਾ, ‘ਹਰ ਗੱਲ ਖੁਸ਼ਨੁਮਾ ਗੱਲ ਨਹੀਂ ਹੁੰਦੀ ਪਰ ਅਹਿਮ ਇਹ ਹੈ ਕਿ ਅਸੀਂ ਇੱਕ-ਦੂਜੇ ਨਾਲ ਗੱਲਬਾਤ ਕਰਦੇ ਰਹੀਏ ਅਤੇ ਇਹ ਵੀ ਜ਼ਰੂਰੀ ਹੈ ਕਿ ਅਸੀਂ ਆਪਣੇ ਸਹਿਯੋਗੀਆਂ ਤੇ ਭਾਈਵਾਲਾਂ ਨਾਲ ਸਹਿਯੋਗ ਕਰਦੇ ਰਹੀਏ।’ ਫਿਲਪੀਨ ਨੇ ਰਾਸ਼ਟਰਪਤੀ ਫਰਦੀਨੈਂਡ ਮਾਰਕੋਸ ਜੂਨੀਅਰ ਨੇ ਇਸੇ ਮੰਚ ਤੋਂ ਕਿਹਾ ਕਿ ਜੇ ਚੀਨ ਦੇ ਉਨ੍ਹਾਂ ਦੇ ਮੁਲਕ ਦੇ ਤੱਟ ਰੱਖਿਅਕ ਬਲਾਂ ਨਾਲ ਟਰਕਾਅ ਦੌਰਾਨ ਇੱਕ ਵੀ ਫਿਲਪੀਨੀ ਨਾਗਰਿਕ ਮਾਰਿਆ ਜਾਂਦਾ ਹੈ ਤਾਂ ਇਸ ਨੂੰ ਜੰਗ ਦੇ ਬਰਾਬਰ ਕਾਰਵਾਈ ਮੰਨਿਆ ਜਾਵੇਗਾ ਅਤੇ ਉਹ ਉਸੇ ਅਨੁਸਾਰ ਜਵਾਬੀ ਕਾਰਵਾਈ ਕਰਨਗੇ।

## ਚੀਨੀ ਪੁਲਾੜ ਵਾਹਨ ਚੰਦਰਮਾ ਦੇ ਦੂਰ ਵਾਲੇ ਹਿੱਸੇ ’ਚ ਸਫ਼ਲਤਾਪੂਰਵਕ ਉੱਤਰਿਆ

ਪੇਈਚਿੰਗ: ਚੀਨ ਦਾ ਇਕ ਪੁਲਾੜ ਵਾਹਨ ਮਿੱਟੀ ਅਤੇ ਚੱਟਾਨਾਂ ਦੇ ਨਮੂਨੇ ਇਕੱਠੇ ਕਰਨ ਲਈ ਆਪਣੀ ਤਰ੍ਹਾਂ ਦੀ ਪਹਿਲੀ ਕੋਸ਼ਿਸ਼ ਤਹਿਤ ਐਤਵਾਰ ਨੂੰ ਚੰਦਰਮਾ ਦੇ ਦੂਰ ਵਾਲੇ ਹਿੱਸੇ ’ਚ ਉਤਰਿਆ। ਇਹ ਨਮੂਨੇ ਚੰਦਰਮਾ ਦੇ ਘੱਟ ਖੋਜ ਵਾਲੇ ਹਿੱਸੇ ਅਤੇ ਚੰਗੀ ਤਰ੍ਹਾਂ ਜਾਣਕਾਰੀ ਹਾਸਲ ਕੀਤੇ ਨੇੜਲੇ ਹਿੱਸੇ ਵਿਚਕਾਰਲੇ ਫਰਕ ਬਾਰੇ ਜਾਣਕਾਰੀਆਂ ਉਪਲੱਬਧ ਕਰਵਾ ਸਕਦੇ ਹਨ। ਚੀਨ ਦੇ ਕੌਮੀ ਪੁਲਾੜ ਪ੍ਰਸ਼ਾਸਨ ਮੁਤਾਬਕ ਚਾਂਗ’ਏ-6 ਮਾਨਵੀ ਇਤਿਹਾਸ ’ਚ ਪਹਿਲੀ ਵਾਰ ਦੱਖਣੀ ਧਰੁੱਵ-ਐਟਕੇਨ ਬੇਸਿਨ ਨਾਮ ਦੇ ਇਕ ਵੱਡੇ ਹਿੱਸੇ ’ਚ ਪੇਈਚਿੰਗ ਦੇ ਸਥਾਨਕ ਸਮੇਂ ਮੁਤਾਬਕ ਸਵੇਰੇ 6 ਵਜ ਕੇ 23 ਮਿੰਟ ’ਤੇ ਉਤਰਿਆ। ਚਾਂਗ’ਏ-6 ’ਚ ਇਕ ਆਰਬਿਟਰ, ਇਕ ਰਿਟਰਨਰ, ਇਕ ਲੈਂਡਰ ਅਤੇ ਇਕ ਅਸੈਂਡਰ ਹੈ। ਇਸ ਮਿਸ਼ਨ ਦਾ ਨਾਮ ਚੀਨ ਦੀ ਪੁਰਾਤਨ ਚੰਦਰਮਾ ਦੇਵੀ ਦੇ ਨਾਮ ’ਤੇ ਰੱਖਿਆ ਗਿਆ ਹੈ। ਸਰਕਾਰੀ ਖ਼ਬਰ ਏਜੰਸੀ ਸ਼ਿਨਹੁਆ ਨੇ ਦੱਸਿਆ ਕਿ ਇਕ ਲਾਈਟ ਕੈਮਰਾ ਨੇ ਚੰਦਰਮਾ ਦੀ ਸਤਹਿ ’ਤੇ ਉਜਾਲੇ ਅਤੇ ਹਨੇਰੇ ਦੇ ਆਧਾਰ ’ਤੇ ਸੁਰੱਖਿਅਤ ਉਤਰਨ ਲਈ ਥਾਂ ਦੀ ਚੋਣ ਕੀਤੀ। ਮਿਸ਼ਨ ਨੂੰ ਚੰਦਰਮਾ ਦੇ ਦੂਰ-ਦੁਰਾਡੇ ਵਾਲੇ ਹਿੱਸੇ ’ਚੋਂ ਨਮੂਨੇ ਇਕੱਠੇ ਕਰਕੇ ਪਰਤਣ ਦਾ ਜ਼ਿੰਮਾ ਦਿੱਤਾ ਗਿਆ ਹੈ ਜੋ ਆਪਣੀ ਤਰ੍ਹਾਂ ਦੀ ਪਹਿਲੀ ਕੋਸ਼ਿਸ਼ ਹੈ।

## ਉੱਤਰੀ ਕੋਰੀਆਂ ਨੇ ਕਈ ਬੈਲਿਸਟਿਕ ਮਿਜ਼ਾਈਲਾਂ ਦਾਗ਼ੀਆਂ



ਸਿਓਲ:ਉੱਤਰੀ ਕੋਰੀਆ ਨੇ ਆਪਣੇ ਪੂਰਬੀ ਜਲ ਖੇਤਰ ਵੱਲ ਕਈ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ। ਦੱਖਣੀ ਕੋਰੀਆ ਦੀ ਫੌਜ ਨੇ ਇਹ ਜਾਣਕਾਰੀ ਦਿੱਤੀ। ਇਹ ਕਾਰਵਾਈ ਉੱਤਰੀ ਕੋਰੀਆ ਵੱਲੋਂ ਫੌਜੀ ਜਾਸੂਸੀ ਉਪਗ੍ਰਹਿ ਲਾਂਚ ਕਰਨ ਵਿੱਚ ਅਸਫਲ ਰਹਿਣ ਤੋਂ ਇੱਕ ਦਿਨ ਬਾਅਦ ਕੀਤੀ ਗਈ ਹੈ। ਉੱਤਰੀ ਕੋਰੀਆ ਨੇ ਰਾਜਧਾਨੀ ਪਿਓਂਗਯਾਂਗ ਦੇ ਨੇੜੇ ਖੇਤਰ ਤੋਂ ਲਗਪਗ 10 ਮਿਜ਼ਾਈਲਾਂ ਦਾਗੀਆਂ, ਜੋ ਘੱਟ ਦੂਰੀ ਦੀਆਂ ਬੈਲਿਸਟਿਕ ਮਿਜ਼ਾਈਲਾਂ ਲੱਗਦੀਆਂ ਸਨ ਪਰ ਇਹ ਦੱਖਣੀ ਕੋਰੀਆ ਦੀ ਸਮੁੰਦਰੀ ਤੱਕ ਪੁੱਜਣ ਤੋਂ ਪਹਿਲਾਂ ਹੀ ਡਿੱਗ ਗਈਆਂ।

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads

Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# 64.2 ਕਰੋੜ ਲੋਕਾਂ ਦੇ ਮਤਦਾਨ ਨਾਲ ਭਾਰਤ ਨੇ ਬਣਾਇਆ ਵਿਸ਼ਵ ਰਿਕਾਰਡ:ਸੀ.ਈ.ਸੀ.

ਨਵੀਂ ਦਿੱਲੀ- ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕਿਹਾ ਕਿ ਭਾਰਤ ਨੇ ਇਸ ਸਾਲ ਲੋਕ ਸਭਾ ਚੋਣਾਂ ਵਿਚ 31.2 ਕਰੋੜ ਔਰਤਾਂ ਸਮੇਤ 64.2 ਕਰੋੜ ਵੋਟਰਾਂ ਨੇ ਹਿੱਸਾ ਲੈ ਕੇ ਵਿਸ਼ਵ ਰਿਕਾਰਡ ਬਣਾਇਆ ਹੈ। ਇਥੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ 68,000 ਤੋਂ ਵੱਧ ਨਿਗਰਾਨ ਟੀਮਾਂ ਅਤੇ 1.5 ਕਰੋੜ ਪੋਲਿੰਗ ਅਤੇ ਸੁਰੱਖਿਆ ਕਰਮਚਾਰੀ ਦੁਨੀਆਂ ਦੇ ਸਭ ਤੋਂ ਵੱਡੇ ਚੋਣ ਅਭਿਆਸ ਵਿਚ ਸ਼ਾਮਲ ਸਨ। ਕੁਮਾਰ ਨੇ ਕਿਹਾ, ”ਭਾਰਤ ਨੇ ਇਸ ਸਾਲ ਲੋਕ ਸਭਾ ਚੋਣਾਂ ਵਿਚ 31.2 ਕਰੋੜ ਔਰਤਾਂ ਸਮੇਤ 64.2 ਕਰੋੜ ਵੋਟਰਾਂ ਨੇ ਹਿੱਸਾ ਲੈ ਕੇ ਇੱਕ ਵਿਸ਼ਵ ਰਿਕਾਰਡ ਬਣਾਇਆ ਹੈ।



A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



ਮਨ ਮਨੁੱਖ ਦੀ ਕੁੰਜੀ ਹੈ     Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੋਂ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# PACIFIC NURSERIES

## ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ



*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September


*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

TO BOOK YOUR ORDER CONTACT:

ONLY FOR WHOLESALERS

778-552-0305

# ਜੂਨ 84 ਦੂਰ ਰਸ ਸਿੱਟੇ



ਸੰਤ ਜਰਨੈਲ ਸਿੰਘ ਨੇ ਜੋ ਅਤੇ ਜਿਵੇਂ ਚਾਹਿਆ ਸੀ, ਭਾਵੇਂ ਐਨ ਉਸੇ ਤਰ੍ਹਾਂ ਦਾ ਤਾਂ ਕੁਝ ਨਾ ਵਾਪਰਿਆ। ਪਰ ਫਿਰ ਵੀ ਪੰਜਾਬ ਦੀ ਜਾਂ ਇਹ ਕਹਿ ਲਵੋ ਕਿ ਦੇਸ ਦੀ ਹੀ, ਸਮਾਜੀ-ਰਾਜਨੀਤਕ ਸਥਿਤੀ ਅੰਦਰ ਇਕ ਵੰਡੀ, ਤੇ ਸੀਮਤ ਅਰਥਾਂ ਵਿੱਚ ਸਿਫ਼ਤੀ, ਤਬਦੀਲੀ ਜ਼ਰੂਰ ਵਾਪਸ ਗਈ । ਦਰਬਾਰ ਸਾਹਿਬ ਉਤੇ ਫੌਜੀ ਹਮਲੇ ਦੇ ਨਤੀਜੇ ਵਜੋਂ, ਇਤਿਹਾਸ ਅੰਦਰ ਪਹਿਲੀ ਵਾਰ ਹਿੰਦੂਆਂ ਤੇ ਸਿੱਖਾਂ ਵਿਚਕਾਰ ਵਿਰੋਧ ਤੇ ਨਿਖੇੜੇ ਦੀ ਇਕ ਗੂੜ੍ਹੀ ਲੀਕ ਵਾਹੀ ਗਈ। ਭਾਵੇਂ ਸਿੱਖਾਂ ਨੇ ਹਿੰਦੂਆਂ ਉੱਤੇ ਹਿੰਸਕ ਹਮਲੇ ਕਰਨ ਤੋਂ ਤਾਂ ਸੰਕੋਚ ਕਰੀ ਰੱਖਿਆ ਪਰ ਉਨ੍ਹਾਂ ਦੇ ਮਨਾਂ ਅੰਦਰ ਹਿੰਦੂ ਵਰਗ ਪ੍ਰਤੀ ਰੋਸ ਤੇ ਗੁੱਸੇ ਦੀਆਂ ਤੀਬਰ ਭਾਵਨਾਵਾਂ ਜ਼ਰੂਰ ਪੈਦਾ ਹੋ ਗਈਆਂ। ਇਸ ਤੱਥ ਨੂੰ ਲਗਭਗ ਹਰ ਲੇਖਕ ਤੇ ਟਿੱਪਣੀਕਾਰ ਨੇ ਨਿਝੱਕ ਰੂਪ ਵਿੱਚ ਮੰਨਿਆ। ਕੁਲਦੀਪ ਨਈਅਰ ਨੇ ਫ਼ੌਜੀ ਹਮਲੇ ਦੇ ਝੱਟ ਬਾਅਦ ਪੰਜਾਬ ਦਾ ਦੌਰਾ ਕਰਨ ਤੋਂ ਬਾਅਦ ਇਹ ਪ੍ਰਭਾਵ ਨੋਟ ਕੀਤਾ ਕਿ ਫੌਜੀ ਕਾਰਵਾਈ ਨੇ ਦੋਹਾਂ ਭਾਈਚਾਰਿਆਂ ਨੂੰ ਇਸ ਹੱਦ ਤੱਕ ਇਕ ਦੂਜੇ ਤੋਂ ਦੂਰ ਕਰ ਦਿੱਤਾ ਹੈ ਕਿ ਪੰਜਾਬ ਦੇ ਸਰਸਰੀ ਜਿਹੇ ਦੌਰੇ ਪਿੱਛੋਂ ਦੋ ਭਾਈਚਾਰਿਆਂ ਵਿਚਕਾਰ ਸਬੰਧਾਂ ਵਿਚਾਲੇ ਤਣਾਅ ਨੂੰ ਸਾਫ਼ ਮਹਿਸੂਸ ਕੀਤਾ ਜਾ ਸਕਦਾ ਹੈ। ਸਿੱਖਾਂ ਦੇ ਦਿਲਾਂ ਵਿੱਚ ਦੁੱਖ ਤੇ ਬੇਦਿਲੀ ਦਾ ਭਾਵ ਏਨਾ ਡੂੰਘਾ ਹੈ ਕਿ ਉਹ ਸਮਝਣ ਲੱਗ ਪਏ ਹਨ ਕਿ ਉਹ ਇੱਕ ਪੀੜਤ ਤੇ ਮਜ਼ਲੂਮ ਘੱਟਗਿਣਤੀ ਹਨ। ਦੂਜੇ ਪਾਸੇ ਹਿੰਦੂਆਂ ਨੇ ਕਈ ਥਾਈਂ ਫੌਜੀ ਕਾਰਵਾਈ 'ਤੇ ਖੁਸ਼ੀ ਵੀ ਮਨਾਈ।" ਸ. ਖੁਸ਼ਵੰਤ ਸਿੰਘ ਨੇ ਇਹ ਪ੍ਰਭਾਵ ਹੋਰ ਵੀ ਵੱਧ ਖੁੱਲ੍ਹ ਕੇ ਪ੍ਰਗਟ ਕੀਤੇ। ਉਸ ਨੇ ਲਿਖਿਆ, "ਜਦ ਮੈਂ ਉਪਰੇਸ਼ਨ ਬਲਿਊ ਸਟਾਰ ਤੋਂ ਇੱਕ ਪੰਦਰਵਾੜੇ ਪਿੱਛੋਂ ਅੰਮ੍ਰਿਤਸਰ ਗਿਆ ਤਾਂ ਸ਼ਾਮੀਂ ਮੈਂ ਆਪਣੇ ਹੋਟਲ ਦੇ ਕਮਰੇ ਵਿੱਚ ਅੰਮ੍ਰਿਤਸਰ ਦੇ ਕਈ ਸਿੱਖਾਂ ਤੇ ਹਿੰਦੂਆਂ ਨੂੰ ਮਿਲਿਆ।ਉਨ੍ਹਾਂ ਦੀਆਂ ਗੱਲਾਂ ਨੇ ਇਸ ਤੱਥ ਦੀ ਹੋਰ ਪੁਸ਼ਟੀ ਕੀਤੀ ਕਿ ਦੋਹਾਂ ਭਾਈਚਾਰਿਆਂ ਦੇ ਦਿਲਾਂ ਨੂੰ ਕਦੇ ਵੀ ਪੂਰਾ ਨਾ ਹੋਣ ਵਾਲਾ ਹਰਜਾ ਪਹੁੰਚਿਆ ਹੈ। ਸਿੱਖਾਂ ਦਾ ਗੁੱਸਾ ਵਧੇਰੇ ਕਰਕੇ ਹਿੰਦੂਆਂ ਉਤੇ ਸੀ ਕਿ ਉਨ੍ਹਾਂ ਨੇ ਲੱਡੂ ਵੰਡ ਕੇ ਅਕਾਲ ਤਖ਼ਤ ਦੀ ਤਬਾਹੀ ਉਤੇ ਖੁਸ਼ੀ ਮਨਾਈ। ਉਨ੍ਹਾਂ ਨੇ ਜਵਾਨਾਂ ਨੂੰ ਮਿਠਿਆਈਆਂ, ਸਿਗਰਟਾਂ ਤੇ ਸ਼ਰਾਬਾਂ ਪੇਸ਼ ਕੀਤੀਆਂ। ਉਨ੍ਹਾਂ ਨੂੰ ਇਹਦੀ ਉੱਕਾ ਹੀ ਪਰਵਾਹ ਨਹੀਂ ਸੀ ਕਿ ਸਾਡੇ ਮਨਾਂ ਦੀ ਹਾਲਤ ਕੀ ਹੈ? ਮੋਟਰ ਸਪੇਅਰ ਪਾਰਟਸ ਤਿਆਰ ਕਰਨ ਵਾਲੇ ਇਕ ਸਿੱਖ ਵਪਾਰੀ ਨੇ ਫ਼ੌਜੀ ਹਮਲੇ ਪਿੱਛੋਂ ਆਪਣੀ ਦਰਬਾਰ ਸਾਹਿਬ ਦੀ ਪਹਿਲੀ ਫੇਰੀ ਬਾਰੇ ਇਹ ਗੱਲ ਦੱਸੀ ਕਿ ਅਸੀਂ ਹਾਲ ਬਜ਼ਾਰ 'ਚੋਂ ਦੀ ਲੰਘ ਰਹੇ ਸਾਂ ਜਦੋਂ ਇਕ ਹਿੰਦੂ ਦੁਕਾਨਦਾਰ ਨੇ ਸਿਗਰਟਾਂ ਦੀ ਇੱਕ ਡੱਬੀ ਸਾਡੇ ਸਿਰਾਂ ਉੱਤੇ ਦੀ ਬਜ਼ਾਰ ਦੇ ਦੂਜੇ ਪਾਸੇ ਆਪਣੇ ਮਿੱਤਰ ਵੱਲ ਸੁੱਟੀ ਤੇ ਉਚੀ ਬੋਲ ਕੇ ਆਖਿਆ, ਇਹ ਸਿਗਰਟਾਂ ਦਾ ਨਵਾਂ ਬਰਾਂਡ ਹੈ 'ਭਿੰਡਰਾਂਵਾਲਾ' ਮਾਰਕਾ ।

ਦਰਬਾਰ ਸਾਹਿਬ ਉਤੇ ਫੌਜੀ ਹਮਲੇ ਦਾ ਇਕ ਹੋਰ ਮਹੱਤਵਪੂਰਨ ਰਾਜਸੀ ਅਸਰ ਇਹ ਪ੍ਰਗਟ ਹੋਇਆ ਕਿ ਸਿੱਖ ਸਮਾਜ ਦੀਆਂ ਉਪਰਲੀਆਂ, ਕੁਲੀਨ ਪਰਤਾਂ ਦਾ ਭਾਰਤੀ ਰਾਜ ਤੋਂ ਮੋਹ ਭੰਗ ਹੋ ਗਿਆ। ਆਪਣੇ ਆਰਥਿਕ ਤੇ ਸਮਾਜੀ ਰੁਤਬੇ ਸਦਕਾ ਇਹ ਵਰਗ ਭਾਰਤ ਦੀ ਸਮਾਜੀ- ਸੱਭਿਆਚਾਰਕ, ਰਾਜਨੀਤਕ ਤੇ ਆਰਥਿਕ ਪ੍ਰਣਾਲੀ ਨਾਲ ਗੂੜ੍ਹੀ ਤਰ੍ਹਾਂ ਇਕ-ਮਿਕ ਹੋਇਆ, ਜੂਨ 1984 ਤੱਕ, ਭਾਰਤ ਅੰਦਰ ਪੂਰੀ ਤਰ੍ਹਾਂ ਸੰਤੁਸ਼ਟ ਤੇ ਪ੍ਰਸੰਨਚਿਤ ਹੋਣ ਦਾ ਪ੍ਰਭਾਵ ਦਿੰਦਾ ਰਿਹਾ । ਇਹ ਵਰਗ ਆਪਣੇ-ਆਪ ਨੂੰ ਸਿੱਖ ਘੱਟ ਤੇ ਭਾਰਤੀ ਵੱਧ ਸਮਝਦਾ ਸੀ ਅਤੇ ਆਪਣੇ ਇਸ ਸੋਚ-ਪ੍ਰਬੰਧ ਉਤੇ ਉਚੇਚਾ ਫ਼ਖਰ ਮਹਿਸੂਸ ਕਰਦਾ ਸੀ। ਆਪਣੇ ਆਪ ਨੂੰ ਹਿੰਦੂਆਂ ਨਾਲੋਂ ਵੀ ਵੱਧ ਕੇ 'ਦੇਸ਼ ਭਗਤ' ਸਮਝਣਾਂ ਇਸ ਵਰਗ ਦਾ ਉਘੜਵਾਂ ਵਿਚਾਰਧਾਰਕ ਲੱਛਣ ਸੀ। ਇਹ ਵਰਗ, ਆਮ ਕਰਕੇ ਹੀ ਆਪਣੇ ਆਪ ਨੂੰ ਸਿੱਖ ਪੰਥ ਦੀਆਂ ਧਾਰਮਿਕ ਤੇ ਰਾਜਸੀ ਮੰਗਾਂ ਨਾਲ ਨਾ ਸਿਰਫ਼ ਅਲੱਗ ਰੱਖਦਾ ਸੀ ਸਗੋਂ ਜ਼ਿਆਦਾਤਰ ਮੌਕਿਆਂ 'ਤੇ ਇਨ੍ਹਾਂ ਦਾ ਖੁੱਲ੍ਹਮ-ਖੁੱਲ੍ਹਾ ਵਿਰੋਧ ਕਰਦਾ ਸੀ ਅਤੇ ਇਸ ਬਦਲੇ ਦੇਸ਼ ਦੇ ਹਿੰਦੂ ਵਰਗ ਦੀ ਵਾਹ-ਵਾਹ ਖੱਟਦਾ ਸੀ। ਆਪਣੀ ਇਸ ਵਿਚਾਰਧਾਰਕ ਤਾਸੀਰ ਦੀ ਵਜ੍ਹਾ ਕਰਕੇ ਇਸ ਵਰਗ ਨਾਲ ਸਬੰਧਤ ਬਹੁਤ ਸਾਰੇ ਪਤਵੰਤੇ ਸਿੱਖ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਨਫ਼ਰਤ ਦੀ ਹੱਦ ਤੱਕ ਨਾਪਸੰਦ ਕਰਦੇ ਸਨ ਅਤੇ ਉਸ ਦੇ ਵਿਚਾਰਾਂ ਤੇ ਸਰਗਰਮੀਆਂ ਦੀ ਖੁੱਲ੍ਹ ਕੇ ਨਿੰਦਿਆਂ ਪੜਚੋਲ ਕਰਦੇ ਸਨ। ਇਸ ਮਾਮਲੇ 'ਚ ਸ. ਖੁਸ਼ਵੰਤ ਸਿੰਘ ਦਾ ਨੰਬਰ ਸਭ ਤੋਂ ਉਪਰ ਸੀ। ਭਾਰਤੀ ਹਾਕਮਾਂ ਦੁਆਰਾ ਹਰਿਮੰਦਰ ਸਾਹਿਬ ਉੱਤੇ ਕੀਤੇ ਗਏ ਫ਼ੌਜੀ ਹਮਲੇ ਨਾਲ ਇਸ ਵਰਗ ਦੇ ਵਿਸ਼ਵਾਸ ਨੂੰ ਭਾਰੀ ਝਟਕਾ ਲੱਗਾ ਅਤੇ ਇਸ ਅੰਦਰਲੇ ਵਧੇਰੇ ਸਵੈ-ਅਭਿਮਾਨੀ ਤੇ ਸੰਵੇਦਨਸ਼ੀਲ ਤੱਤਾਂ ਨੂੰ ਪਹਿਲੀ ਵਾਰੀ ਇਹ ਅਹਿਸਾਸ ਹੋਇਆ ਕਿ ਜਿਸ ਦੇਸ਼ ਨੂੰ ਉਹ ਹਿੰਦੂਆਂ ਨਾਲੋਂ ਵੀ ਵੱਧ ਕੇ ਆਪਣਾ ਸਮਝਦੇ ਰਹੇ ਅਤੇ ਜਿਸ ਦੇ ਪ੍ਰਤੀ ਅਨ੍ਹੀ ਸ਼ਰਧਾ 'ਚੋਂ ਉਹ ਕਦੇ ਅਕਾਲੀਆਂ ਨੂੰ ਤੇ ਕਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ 'ਮੂਰਖ ਤੇ 'ਜਾਹਲ ਦੋਸਣ ਤੱਕ ਜਾਂਦੇ ਰਹੇ, ਉਹ ਦੇਸ ਅਸਲ ਦੇ ਵਿੱਚ ਹਿੰਦੂ ਭਾਰਤ ਹੀ ਸੀ, ਇਸ ਨੂੰ ਸੈਕੂਲਰ ਇੰਡੀਆ ਸਮਝ ਬੈਠਣਾ ਉਨ੍ਹਾਂ ਦੀ ਵੱਡੀ ਭੁੱਲ ਸੀ। ਇਸ ਬਾਰੇ ਸ. ਖੁਸ਼ਵੰਤ ਸਿੰਘ ਨੇ ਆਪਣੇ ਦਿਲੀ ਭਾਵ ਇਸ ਤਰ੍ਹਾਂ ਬਿਆਨ ਕੀਤੇ - "ਮੈਂ ਆਪਣੇ ਆਪ ਨੂੰ ਸਦਾ ਹੀ ਸਿੱਖ ਨਾਲੋਂ ਬਹੁਤਾ ਭਾਰਤੀ ਸਮਝਿਆ ਹੈ। ਫ਼ੌਜੀ ਕਾਰਵਾਈ ਦੇ ਸਬੰਧ ਵਿੱਚ ਮੇਰਾ ਪ੍ਰਤੀਕਰਮ ਸਿੱਖ ਨਾਲੋਂ ਵੱਧ ਭਾਰਤੀ ਦੇ ਨਾਤੇ ਸੀ। ਮੈਂ ਇਸ ਦੀ ਨਿਖੇਧੀ ਕੀਤੀ ਕਿਉਂ ਜੁ ਇਸ ਨੇ ਸਿੱਖਾਂ ਨੂੰ ਹਿੰਦੂਆਂ ਨਾਲੋਂ ਤੋੜ ਕੇ ਭਾਰਤ ਦੀ ਏਕਤਾ ਨੂੰ ਮਾਰੂ ਸੱਟ ਮਾਰੀ।ਮੈਂ ਰਾਸ਼ਟਰਪਤੀ (ਗਿਆਨੀ) ਜ਼ੈਲ ਸਿੰਘ ਨਾਲ ਮੁਲਾਕਾਤ ਦਾ ਵਕਤ ਲਿਆ। 8 ਜੂਨ 1984 ਨੂੰ ਸਵੇਰ ਮੈਂ ਆਪਣਾ (ਦਸ ਸਾਲ ਪਹਿਲਾ ਮੈਨੂੰ ਮਿਲਿਆ ਪਦਮ ਭੂਸ਼ਣ) ਅਵਾਰਡ ਵਾਪਸ ਕਰਨ ਬਾਰੇ ਆਪਣਾ ਪੱਤਰ ਬਜ਼ਾਤ-ਖ਼ੁਦ ਰਾਸ਼ਟਰਪਤੀ ਨੂੰ ਸੌਂਪ ਦਿੱਤਾ। ਜਿਸ ਵਿੱਚ ਮੈਂ ਸਰਕਾਰ ਦੀ ਕਾਰਵਾਈ ਵਿਰੁੱਧ ਆਪਣੀ ਨਾਰਾਜ਼ਗੀ ਪ੍ਰਗਟਾਈ ਸੀ। ਅਗਲੀ ਹੀ ਸਵੇਰ ਮੇਰੇ ਵਿਰੁੱਧ ਤੂਫ਼ਾਨ ਖੜਾ ਹੋ ਗਿਆ। ਪਹਿਲੀ ਵਾਰ ਇਨ੍ਹਾਂ ਕੇਂਦਰਪੁਰਸ਼ਾਂ ਨੇ ਮੈਨੂੰ ਇਹ ਮਹਿਸੂਸ ਕਰਵਾਇਆ ਕਿ ਮੈਂ ਸੈਕੂਲਰ ਇੰਡੀਆ ਵਿਚ ਨਹੀਂ ਸਗੋਂ ਇਕ ਹਿੰਦੂ ਇੰਡੀਆ ਵਿੱਚ ਰਹਿ ਰਿਹਾ ਹਾਂ।" ਦਸੰਬਰ 1971 ਵਿੱਚ ਪਾਕਿਸਤਾਨ ਦੇ ਖਿਲਾਫ਼ ਬੰਗਲਾ ਦੇਸ ਵਾਲੀ) ਜੰਗ ਦੋਰਾਨ ਨਾਇਕ ਬਣ ਕੇ ਉਭਰੇ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਵੀ ਦੁਖੀ ਮਨ ਨਾਲ ਇਸ ਕੌੜੇ ਸੋਚ ਨੂੰ ਮੰਨਣ ਤੇ ਕਹਿਣ ਲਈ ਮਜਬੂਰ ਹੋ ਗਏ ਕਿ, 'ਮੈਂ ਅੱਜ ਇਹ ਗੱਲ ਬੁਰੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਮੈਨੂੰ ਆਪਣੇ ਦੇਸ ਵਿੱਚ ਇਕ ਇੱਜ਼ਤਦਾਰ ਨਾਗਰਿਕ ਨਹੀਂ ਸਮਝਿਆ ਜਾਂਦਾ, ਕਿਉਂਕਿ ਮੈਂ ਇਕ ਸਿੱਖ ਹਾਂ।" ਪੰਜਾਬੀ ਦੀ ਪ੍ਰਸਿੱਧ ਕਥਾਕਾਰਾ ਅਜੀਤ ਕੌਰ ਨੇ ਦਰਬਾਰ ਸਾਹਿਬ ਉੱਤੇ ਫੌਜੀ ਹਮਲੇ ਤੋਂ ਤੁਰੰਤ ਬਾਅਦ ਜਜ਼ਬਾਤੀ ਰੋਅ ਵਿਚ ਲਿਖੀ ਆਪਣੀ ਇਕ ਦਿਲੀ ਹਲੂਣਵੀਂ ਰਚਨਾ, ਜਿਸ ਦਾ ਅਨੁਵਾਨ ਉਸ ਨੇ ਲਹੂ ਦੇ ਚੁਬੱਚੇ ਰੱਖਿਆ, ਵਿੱਚ ਇਸ ਸਾਕੇ ਦੇ ਹਿੰਦੂਆਂ ਤੇ ਸਿੱਖਾਂ ਦੇ ਮਨਾਂ ਉੱਤੇ ਪਏ ਇਕ ਦੂਜੇ ਨਾਲੋਂ ਇਕਦਮ ਟਕਰਾਵੇਂ ਪ੍ਰਭਾਵਾਂ ਦਾ ਬਹੁਤ ਹੀ ਪ੍ਰਭਾਵਸ਼ਾਲੀ ਵਰਣਨ ਕੀਤਾ। ਅਜੀਤ ਕੌਰ ਦੇ ਦੱਸਣ ਮੁਤਾਬਕ ਜਦ ਇਹ ਘੱਲੂਘਾਰਾ ਵਾਪਰਿਆ ਤਾਂ ਉਹ ਤੇ ਉਸ ਦੀ ਚਿੱਤਰਕਾਰ ਬੇਟੀ ਅਰਪਨਾ ਕੌਰ ਭਾਰਤ ਦੇ ਇਕ ਸੱਭਿਆਚਾਰਕ ਜਥੇ ਨਾਲ ਗਰੀਸ ਦੀ ਰਾਜਧਾਨੀ ਏਥਨਜ਼ ਵਿੱਚ ਠਹਿਰੇ ਹੋਏ ਸਨ।ਇਸ ਜਥੇ ਵਿੱਚ ਸਿਰਫ਼ ਇਹ ਦੋ ਮਾਵਾਂ-ਧੀਆਂ ਹੀ ਸਿੱਖ ਸਨ,

( ਬਾਕੀ ਸਫਾ ਬੀ14 ਤੇ)



AKALI SINGH SIKH SOCIETY

